੩ ਤੋਂ ੧੮ ਜੇਠ ੨੦੭੮ ਬਿ.
16 to 31 May 2021

ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ

ਜਿਲਦ 101
ਨੰਬਰ 7

ਸਤਜੁਗਿ ਸਚੁ ਕਹੈ ਸਭੁ ਕੋਈ॥

# ਸਤਜੁਗ

ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਗੁਰਗੱਦੀ ਦਿਵਸ 'ਤੇ ਵਿਸ਼ੇਸ਼



10/-







ਸ੍ਰੀ ਸਤਿਗੁਰੂ ਜੀ ਪੁਸਤਕ 'ਸੁਖ਼ਨ-ਏ-ਬੇਅੰਤ' ਰਿਲੀਜ਼ ਕਰਦੇ ਹੋਏ।






ਸ੍ਰੀ ਸਤਿਗੁਰੂ ਜੀ
'ਸਿੱਖੀ ਸਰੂਪ ਦੀ ਸ਼ਾਨ: ਨਾਮਧਾਰੀ ਹਾਕੀ ਟੀਮ'
ਪੁਸਤਕ ਰਿਲੀਜ਼ ਕਰਦੇ ਹੋਏ।

# ਸਤਿਜੁਗ

੩ ਤੋਂ ੧੯ ਜੇਠ ੨੦੭੮ ਬਿ.

16 ਤੋਂ 31 ਮਈ 2021 ਈ.

ਜਿਲਦ 101, ਨੰਬਰ 7

**ਸਤਿਜੁਗ**: ਨਾਮਧਾਰੀ ਗੁਰਦੁਆਰਾ,
ਰਮੇਸ਼ ਨਗਰ,ਨਵੀਂ ਦਿੱਲੀ-110015



**ਸਲਾਹਕਾਰ ਮੈਂਬਰ**

ਸੁਵਰਨ ਸਿੰਘ ਵਿਰਕ
ਹਰਪਾਲ ਸਿੰਘ ਸੇਵਕ
ਸੰਤ ਨਿਸ਼ਾਨ ਸਿੰਘ

**ਸੰਪਾਦਕ**

ਜਸਵੰਤ ਸਿੰਘ ਮਸਤ
ਗੁਰਲਾਲ ਸਿੰਘ
ਭਜਨ ਸਿੰਘ



*Printed and Published by
Mr. Harvendra Singh Hanspal
on behalf of Namdhari Darbar.
Printed at Summit advertising press,
2DLF (Part), Moti Nagar, New Delhi
and Published from Namdhari Gurdwara,
Ramesh Nagar, New Delhi-110015.*

THE SATJUG
Namdhari Gurdwara
Ramesh Nagar, New Delhi-15
RNI No. 55658/93

ਇਕ ਸਾਲ- ਦੇਸ - 500 ਰੁ:, ਪ੍ਰਦੇਸ- 70$ USD ਡਾਲਰ
ਪੰਜ ਸਾਲ- ਦੇਸ - 2000 ਰੁ:, ਪ੍ਰਦੇਸ- 280$ USD ਡਾਲਰ

***Designed and Typeset:***

ਹਾਕਮ ਸਿੰਘ
ਤਰਨ ਸਿੰਘ ਬੱਲ



**ਪੱਤਰ ਵਿਹਾਰ ਦਾ ਪਤਾ :**
ਸਤਿਜੁਗ
ਗੁਰਦੁਆਰਾ ਸ੍ਰੀ ਭੈਣੀ ਸਾਹਿਬ,
ਲੁਧਿਆਣਾ, ਪੰਜਾਬ-141126
ਫੋਨ : 89267-83000
98155-75099, 99147-02201
***Email- Satjug@sribhainisahib.com***


# ਤਤਕਰਾ


* ਜੋਤਿ ਓਹਾ.....
  ਗੁਰਲਾਲ ਸਿੰਘ,,,,,,,...............................4
* ਗੁਰਬਾਣੀ ਵਿਆਖਿਆ......................................6
* ਸ੍ਰੀ ਸਤਿਗੁਰੂ ਬਾਲਕ ਸਿੰਘ ਜੀ
  ਇੰਦਰ ਸਿੰਘ ਚੱਕਰਵਰਤੀ (ਸਵ.)....................8
* ਅੰਗਰੇਜ਼ ਭਗਤੀ ਦਾ ਦੂਜਾ ਦੌਰ
  ਡਾ. ਅਮਰ ਭਾਰਤੀ (ਸਵ.).........................12
* ਇੱਕ ਹੋਲੇ ਦੀ ਯਾਦ
  ਸ.ਸ. ਅਮੋਲ....................................16
* ਜੇ ਲੌਕਡਾਊਨ ਹੀ ਹੱਲ ਹੈ ਤਾਂ ਫਿਰ ਸਿੱਖਿਆ ਕੀ?
  ਡਾ. ਸ਼ਿਆਮ ਸੁੰਦਰ ਦਿਪਤੀ.........................21
* ਅੰਗਰੇਜ਼ ਰਾਜ ਦੀਆਂ ਫਾਇਲਾਂ ਫਰੋਲਦਿਆਂ ਦਿਖਾਈ ਦਿੱਤਾ 'ਸਤਿਜੁਗ'
  ਗੁਰਦੇਵ ਸਿੰਘ ਸਿੱਧੂ................................23
* **The Balmiki of the Namdhari Panth - Sri Maan Baba Benka Ji 'Laba Lab'**
  **Nidhan Singh Aalam (Translation Jawand Singh)...26**
* ਬੀਤੇ ਦੀਆਂ ਪੈੜਾਂ (ਅਣਛਪਿਆ ਭਾਗ)
  ਸਵ. ਪ੍ਰੀਤਮ ਸਿੰਘ ਕਵੀ............................28
* **A Saga of Sri Satguru Jagjit Singh ji**
  **Dr. Sharada Jayagovind ...............................31**
* ਕਵਿਤਾ- ਮੇਰੇ ਪਿੰਡ ਦੀਆਂ ਔਰਤਾਂ
  ਕਮਲਗੀਤ ਸਰਹਿੰਦ................................33
* ਸੁੱਚੇ ਮੋਤੀ.................................................34
* ਬੱਚਿਆਂ ਦਾ ਪੰਨਾ..........................................35
* ਪੁਸਤਕ ਰੀਵੀਊ...........................................36
* ਖ਼ਬਰਨਾਮਾ.................................................40


ਨੋਟ- ਲੇਖਕਾਂ ਦੇ ਵਿਚਾਰਾਂ ਨਾਲ ਸੰਪਾਦਕੀ ਬੋਰਡ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

੧ੴ
ਸ੍ਰੀ ਸਤਿਗੁਰੂ ਰਾਮ ਸਿੰਘ ਜੀ ਸਹਾਇ
ਸਤਜੁਗਿ ਸਚੁ ਕਹੈ ਸਭੁ ਕੋਈ॥
ਸਤਿਜੁਗ
ਸ੍ਰੀ ਸਤਿਗੁਰੂ ਪ੍ਰਤਾਪ ਸਿੰਘ ਦੁਆਰਾ ੧੯੭੭ ਬਿ. (1920 ਈ:) ਤੋਂ ਸਥਾਪਿਤ

## ਜੋਤਿ ਓਹਾ......

ਦੀਵੇ ਨਾਲ ਦੂਸਰੇ ਦੀਵੇ ਨੂੰ ਜਗਾਉਂਦਿਆਂ ਭਲਾ ਕਿੰਨਾ ਕੁ ਸਮਾਂ ਲੱਗਦਾ ਹੈ? ਬਸ ਛਿਣ ਭਰ। ਪਰ ਸ਼ਰਤ ਇਹ ਹੈ ਕਿ ਦੂਸਰਾ ਦੀਵਾ ਜਗਣ ਲਈ ਤਿਆਰ ਹੋਵੇ ਉਹ ਸੰਪੂਰਨ ਹੋਵੇ (ਭਾਵ ਤਿੜਕਿਆ ਜਾਂ ਟੁੱਟਿਆ ਨਾ ਹੋਵੇ) ਦੂਜਾ ਫਿਰ ਉਸ ਵਿੱਚ ਤੇਲ ਹੋਵੇ। ਤੀਸਰਾ ਉਸ ਵਿੱਚ ਵਿਸ਼ੇਸ਼ ਢੰਗ ਦੀ ਬੱਤੀ ਹੋਵੇ ਤਾਂ ਹੀ ਕੋਈ ਜਗਦਾ ਦੀਵਾ ਉਸ ਨੂੰ ਸਹਿਜਤਾ ਨਾਲ ਜਗ੍ਹਾ ਸਕੇਗਾ।

ਇਸ ਤਰ੍ਹਾਂ ਹੀ ਮਨੁੱਖ ਜੇ ਚਾਹੁੰਦਾ ਹੈ ਕਿ ਮੇਰੇ ਅੰਦਰ ਗਿਆਨ ਦੀ ਜੋਤਿ ਜਗੇ ਤਾਂ ਉਸ ਨੂੰ ਇਹ ਸ਼ਰਤਾਂ ਪੂਰੀਆਂ ਕਰਨੀਆਂ ਪੈਣਗੀਆਂ। ਆਪਣੇ ਹਿਰਦੇ ਨੂੰ ਸੰਪੂਰਨ ਕਰਨਾ ਹੋਵੇਗਾ। ਨਾਮ ਰੂਪੀ ਤੇਲ ਰੱਖਣਾ ਪਵੇਗਾ ਤੇ ਵੈਰਾਗ ਰੂਪੀ ਬੱਤੀ ਨੂੰ ਤੇਲ ਨਾਮ ਨਾਲ ਇੱਕ-ਮਿਕ ਕਰਨਾ ਪਵੇਗਾ। ਅੰਤ ਜ਼ਰੂਰਤ ਹੋਵੇਗੀ ਕਿਸੇ ਜਗਦੀ ਜੋਤ ਵਾਲੇ ਪੂਰੇ ਗੁਰੂ ਦੀ। ਜੋ ਅਗਿਆਨ ਹਨੇਰਾ ਕੱਟਣ ਲਈ ਬੱਤੀ ਨੂੰ ਰੋਸ਼ਨੀ ਦੇਵੇ।

**ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ॥**
**ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ॥**
**ਉਝੜਿ ਭੁਲੇ ਰਾਹ ਗੁਰਿ ਵੇਖਾਲਿਆ॥**
**ਸਤਿਗੁਰ ਸਚੇ ਵਾਹੁ ਸਚੁ ਸਮਾਲਿਆ॥**
**ਪਾਇਆ ਰਤਨੁ ਘਰਾਹੁ ਦੀਵਾ ਬਾਲਿਆ॥**

ਜਗਦੇ ਦੀਵੇ ਨੂੰ ਬੁਝਣ ਦੇ ਖ਼ਤਰੇ ਵੀ ਬਹੁਤ ਹੁੰਦੇ ਹਨ। ਉਹ ਹਵਾ, ਪਾਣੀ, ਠੋਕਰ ਤੋਂ ਬਚਾ ਕੇ ਰੱਖਣਾ ਪੈਂਦਾ ਹੈ। ਹਿਰਦੇ ਰੂਪੀ ਦੀਵਾ ਵੀ ਕਈ ਵਿਕਾਰਾਂ ਅਤੇ ਠੋਕਰਾਂ ਤੋਂ ਬਚਾਉਣਾ ਪੈਂਦਾ ਹੈ। ਇਸ ਲਈ ਵਿਸ਼ੇਸ਼ ਉੱਦਮ ਕਰਨੇ ਪੈਂਦੇ ਹਨ। ਜਿਨ੍ਹਾਂ ਬਾਰੇ ਗੁਰੂ ਨਾਨਕ ਦੇਵ ਜੀ ਸੁਚੇਤ ਕਰ ਰਹੇ ਹਨ ਕਿ ਇਹ ਉਦਮ ਭਾਵੇਂ ਕੋਈ ਵੀ ਜਾਤੀ ਦਾ ਮਨੁੱਖ ਕਰ ਲਵੇ ਉਸ ਦਾ ਹਿਰਦੇ ਰੂਪੀ ਦੀਵਾ ਨਿਸ਼ਚਲ ਭਾਵ ਸਦੀਵੀ ਸਥਿਰ ਹੋ ਜਾਵੇਗਾ। ਫਿਰ ਉਸ ਨੂੰ ਕੋਈ ਵੀ ਬਾਹਰੀ ਜਾਂ ਅੰਦਰੂਨੀ ਖਤਰਾ ਨਹੀਂ ਰਹੇਗਾ।

**ਹਛੀ ਮਿਟੀ ਸੋਝੀ ਹੋਇ॥ ਤਾ ਕਾ ਕੀਆ ਮਾਨੈ ਸੋਇ॥**
**ਕਰਣੀ ਤੇ ਕਰਿ ਚਕਹੁ ਢਾਲਿ॥ ਐਥੈ ਓਥੈ ਨਿਬਹੀ ਨਾਲਿ॥**
**ਆਪੇ ਨਦਰਿ ਕਰੇ ਜਾ ਸੋਇ॥ ਗੁਰਮੁਖਿ ਵਿਰਲਾ ਬੂਝੈ ਕੋਇ॥**
**ਤਿਤੁ ਘਟਿ ਦੀਵਾ ਨਿਹਚਲੁ ਹੋਇ॥ ਪਾਣੀ ਮਰੈ ਨ ਬੁਝਾਇਆ ਜਾਇ॥**

**ਐਸਾ ਦੀਵਾ ਨੀਰਿ ਤਰਾਇ॥**
**ਡੋਲੈ ਵਾਉ ਨ ਵਡਾ ਹੋਇ॥ ਜਾਪੈ ਜਿਉ ਸਿੰਘਾਸਣਿ ਲੋਇ॥**
**ਖਤ੍ਰੀ ਬ੍ਰਾਹਮਣੁ ਸੂਦੁ ਕਿ ਵੈਸੁ॥ ਨਿਰਤਿ ਨ ਪਾਈਆ ਗਣੀ ਸਹੰਸ॥**
**ਐਸਾ ਦੀਵਾ ਬਾਲੇ ਕੋਇ॥ ਨਾਨਕ ਸੋ ਪਾਰੰਗਤਿ ਹੋਇ॥**

ਐਸਾ ਨਿਹਚਲ ਹਿਰਦੇ ਰੂਪੀ ਦੀਵਾ ਬਾਲਣ ਵਾਲੇ ਸਿੱਖਾਂ ਦੇ ਜੀਵਨ ਨੂੰ ਜਦੋਂ ਅਸੀਂ ਪੜ੍ਹਦੇ ਹਾਂ ਤਾਂ ਸਾਨੂੰ ਪਤਾ ਲੱਗਦਾ ਹੈ ਕਿ ਸਿੱਖ ਤੋਂ ਜਦੋਂ ਕੋਈ ਸਾਹਿਬ ਬਣਿਆ ਤਾਂ ਉਹ ਇੱਕ ਦੀਵੇ ਤੋਂ ਦੂਜਾ ਦੀਵਾ ਬਾਲਣ ਵਾਂਗ ਹੀ ਸਹਿਜ ਕਾਰਜ ਸੀ। ਪਹਿਲੀ ਜਗਦੀ ਜੋਤਿ ਨੇ ਦੂਜੀ ਜੋਤਿ ਨੂੰ ਸਹਿਜਤਾ ਅਤੇ ਪਿਆਰ ਨਾਲ ਤਿਲਕ ਕਰ ਮੱਥਾ ਟੇਕ ਦਿੱਤਾ। ਆਤਮ ਗਿਆਨ ਦਾ ਖ਼ਜ਼ਾਨਾ ਬਖ਼ਸ਼ ਦਿੱਤਾ। ਜਿਸ ਨੂੰ ਭਾਈ ਗੁਰਦਾਸ ਜੀ ਇੰਜ ਬਿਆਨਦੇ ਹਨ-

**ਜੋਤੀ ਜੋਤਿ ਜਗਾਈਅਨੁ ਦੀਵੇ ਤੇ ਜਿਉ ਦੀਵਾ ਬਲਿਆ॥**

ਹਿਰਦੇ ਰੂਪੀ ਨਿਹਚਲ ਦੀਵਾ ਬਾਲਣ ਲਈ ਤਾਂਘ, ਪਿਆਰ, ਸਿਮਰਨ, ਸੇਵਾ ਅਤੇ ਹਰ ਪ੍ਰਾਣੀ ਮਾਤਰ ਲਈ ਦਰਦ ਜ਼ਰੂਰੀ ਹੈ। ਆਪਣੇ ਗੁਰੂ ਦੇ ਹੁਕਮਾਂ 'ਤੇ ਸਦਾ ਫੁੱਲ ਚੜ੍ਹਾਉਣੇ ਇਹ ਧਰਮ ਹੋਣਾ ਚਾਹੀਦਾ ਹੈ। ਇਹ ਐਸੀ ਕੁਠਾਲੀ ਹੈ ਜਿਥੇ ਸ਼ੁੱਧ ਸੋਨਾ ਪਰਖ 'ਚ ਪੂਰਾ ਉਤਰਦਾ ਹੈ ਤੇ ਸ਼ੁੱਧ ਹੋਇਆ ਭਾਂਡਾ ਹੀ ਕਿਸੇ ਉੱਤਮ ਵਸਤੂ ਨੂੰ ਸੰਭਾਲ ਸਕਦਾ ਹੈ। ਐਸਾ ਹੀ ਸ਼ੁੱਧ ਹਿਰਦਾ ਸਤਿਗੁਰੂ ਬਾਲਕ ਸਿੰਘ ਜੀ ਦਾ ਸੀ। ਬਾਬਾ ਦਿਆਲ ਸਿੰਘ ਜੀ ਨੇ ਜਦੋਂ ਫ਼ਿਕਰ ਕਰਨਾ ਲੜਕਾ ਸਧਾਰਨ ਮੁੰਡਿਆਂ ਵਾਂਗ ਨਾ ਹੀ ਖੁੱਲ ਕੇ ਹੱਸਦਾ ਹੈ ਤੇ ਨਾ ਹੀ ਹਾਣੀ ਮੁੰਡਿਆਂ ਵਾਂਗੂ ਚੰਚਲ ਹੈ। ਸਦਾ ਚੁੱਪ-ਚਾਪ ਰਹਿੰਦਾ ਹੈ। ਕੀ ਰੋਗ ਹੋ ਸਕਦਾ ਹੈ? ਪਿਤਾ ਬਾਬਾ ਦਿਆਲ ਸਿੰਘ ਜੀ ਨੇ ਵੈਦਾ ਹਕੀਮਾਂ ਨੂੰ ਵੀ ਪੁੱਛਿਆ ਪਰ ਰੋਗ ਕੋਈ ਹੋਵੇ ਤੇ ਸਮਝ ਆਵੇ ਕੋਈ ਸਾਧੂ ਜਦੋਂ ਸਤਿਗੁਰੂ ਬਾਬਕ ਸਿੰਘ ਜੀ ਨੂੰ ਵੇਖਦਾ ਤਾਂ ਆਪ ਮੁਹਾਰੇ ਬੋਲ ਪੈਂਦਾ-

**" ਆਪਿ ਨਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ"**

ਉਹ ਨੇੜੇ ਹੋ ਬਚਨ-ਬਲਾਸ ਕਰਦਾ ਤਾਂ ਬਾਬਾ ਦਿਆਲ ਸਿੰਘ ਜੀ ਨੂੰ ਕਹਿੰਦਾ ਤੇਰਾ ਪੁੱਤਰ ਤਾਂ ਤੇਜੱਸਵੀ ਪੁਰਖ ਹੈ। ਆਪ ਜਦੋਂ ਸਰਵਾਲੇ ਤੋਂ ਛੋਈ ਪਿੰਡ ਜਾਂਦੇ ਤਾਂ ਰਸਤੇ ਵਿੱਚ ਹਰੋਂ ਨਦੀ ਦੇ ਕੰਢੇ ਉੱਤੇ ਨਿੱਤ ਸਵੇਰੇ ਆ ਸਮਾਧੀ ਲਾ ਬਹਿੰਦੇ। ਐਸਾ ਰਮਣੀਕ ਥਾਂ ਜਿੱਥੇ ਸਿੰਧ ਦਰਿਆ ਤੇ ਹਰੋਂ ਨਦੀ ਆਪਸ 'ਚ ਮਿਲਦੇ ਅਤੇ ਆਲੇ-ਦੁਆਲੇ ਸੰਘਣੇ ਰੁੱਖ ਜਿਨ੍ਹਾਂ ਦੀਆਂ ਟਾਹਣੀਆਂ ਨੇ ਨਾਲ ਦੇ ਰੁੱਖਾਂ ਦੀਆਂ ਟਾਹਣੀਆਂ ਨੂੰ ਇਸ ਤਰ੍ਹਾਂ ਕਲਾਵੇ ਵਿੱਚ ਲਿਆ ਹੋਇਆ ਜਿਵੇਂ ਚਿਰਾਂ ਵਿਛੜੇ ਮਿਲੇ ਹੋਣ ਤੇ ਇਹ ਜਗ੍ਹਾ, ਉਨ੍ਹਾਂ ਦੀ ਮਿਲਾਪ ਸਥਾਨ ਹੋਵੇ। ਪੰਛੀਆਂ ਦਾ ਸਵੇਰੇ-ਸ਼ਾਮ ਅਲੌਕਿਕ ਸੰਗੀਤ ਸਮੇਂ ਨੂੰ ਰੋਕ ਲੈਂਦਾ। ਕਾਦਰ ਦੀ ਕੁਦਰਤ ਦਾ ਐਸਾ ਨਜ਼ਾਰਾ ਹਰ ਰਾਹੀ ਘੜੀ ਪਲ ਖਲੋ ਕੇ ਇਸ ਨੂੰ ਮਾਣਦਾ ਤੇ ਸਮਾਧੀ ਵਿੱਚ ਬੈਠੇ ਉੱਜਲ ਮੁਖੜੇ ਨੂੰ ਦੇਖ ਨਮਸਕਾਰ ਕਰ ਅੱਗੇ ਚਲਾ ਜਾਂਦਾ। ਕੋਈ ਇਸ ਮੂਰਤ ਦਾ ਜਾਣਕਾਰ ਰਸਤੇ ਤੋਂ ਲੰਘਦਾ ਹੋਇਆ ਦੇਖਦਾ ਤਾਂ ਆਪ ਮੁਹਾਰੇ ਬੋਲ ਉੱਠਦਾ ਧੰਨ ਹੈ ! ਧੰਨ ਹੈ ! ਇਹ ਬਾਲਕ। ਆਖ਼ਰ ਇੱਕ ਦਿਨ ਗੁਰੂ ਗੋਬਿੰਦ ਸਿੰਘ ਜੀ ਨੇ ਦਰਸ਼ਨ ਦਿੱਤੇ। ਦਰਸ਼ਨ ਕਰ ਗਦਗਦ ਹੋਏ, ਖ਼ੁਸ਼ੀ ਸੰਭਾਲੀ ਨਾ ਜਾਏ। ਗੁਰੂ ਗੋਬਿੰਦ ਸਿੰਘ ਜੀ ਆਸਣ 'ਤੇ ਬਿਠਾ ਪ੍ਰਦੱਖਣਾ ਕਰ ਪੰਜ ਪੈਸੇ, ਨਾਰੀਅਲ ਰੱਖ ਤਿਲਕ ਲਾਇਆ ਤੇ ਕਿਹਾ ਇਹ ਵਸਤ ਮੈਂ ਫੇਰ ਤੁਹਾਡੇ ਕੋਲੋਂ ਆ ਕੇ ਲੈ ਲਵਾਂਗਾ ਓਨਾ ਸਮਾਂ ਤੁਸੀਂ ਮਾਲਕ ਹੋ। ਜੋ ਜਗਿਆਸੂ ਤੁਹਾਡੇ ਕੋਲ ਆਵੇ ਉਸ ਨੂੰ ਨਾਮ ਤੇ ਬਾਣੀ ਦੀ ਸਿੱਖਿਆ ਦੇ ਕੇ ਗੁਰੂ ਨਾਨਕ ਦੇਵ ਜੀ ਦੇ ਮਾਰਗ ਉੱਤੇ ਤੋਰੋ। ਇਸ ਤਰ੍ਹਾਂ ਗੁਰੂ ਨਾਨਕ ਦੀ ਗਿਆਰ੍ਹਵੀਂ ਜੋਤ ਸੰਸਾਰ ਵਿੱਚ ਪ੍ਰਗਟ ਹੋਈ।

ਐਪੇ ਗੁਰ ਦਸਮ ਦਰਸ ਕੈ ਜੋ ਕਹਯੋ ਤਾਹਿ।
ਮੇਰੋ ਅਵਤਾਰ ਅੰਸ ਰਾਮ ਸਿੰਘ ਹ੍ਵੈ ਭਰੇ।
ਯਾਂਹਿ ਹੇਤ ਤਾਂਹਿ ਨਾਂਹਿ, ਔਰ ਕਾਂਹਿ ਮਾਂਹਿ।
ਨਿਜ ਸ਼ਕਤਿ ਰਖਾਈ ਗੁਰ ਵਾਕ ਦਿਢ ਧੇ ਧਰੇ।
ਗਿਆਨੀ ਗਿਆਨ ਸਿੰਘ

**- ਗੁਰਲਾਲ ਸਿੰਘ**
**97800-97898**

# ਗੁਰਬਾਣੀ ਵਿਆਖਿਆ- ਜਪੁ ਸਾਹਿਬ

**ਥਾਪਿਆ ਨ ਜਾਇ ਕੀਤਾ ਨ ਹੋਇ ॥**

ਉਹ ਪਰਮੇਸ਼ਰ ਥਾਪਿਆ ਵੀ ਨਹੀਂ ਜਾ ਸਕਦਾ ਅਤੇ ਬਣਾਇਆ ਵੀ ਨਹੀਂ ਜਾ ਸਕਦਾ।

**ਆਪੇ ਆਪਿ ਨਿਰੰਜਨੁ ਸੋਇ ॥**

ਉਹ ਆਪ ਹੀ ਆਪ ਹੈ ਅਤੇ ਮਾਇਆ ਦੇ ਪ੍ਰਭਾਵ ਤੋਂ ਪਰ੍ਹੇ ਹੈ।

**ਜਿਨਿ ਸੇਵਿਆ ਤਿਨਿ ਪਾਇਆ ਮਾਨੁ ॥**

ਜਿਸਨੇ ਉਸਨੂੰ ਸਿਮਰਿਆ ਹੈ, ਉਸਨੇ ਹੀ ਮਾਣ ਪਾਇਆ ਹੈ।

**ਨਾਨਕ ਗਾਵੀਐ ਗੁਣੀ ਨਿਧਾਨੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਆਓ ਅਸੀਂ ਵੀ ਐਸੇ ਗੁਣਾਂ ਦੇ ਖ਼ਜ਼ਾਨੇ ਪ੍ਰਭੂ ਦੇ ਗੁਣ ਗਾਈਏ।

**ਗਾਵੀਐ ਸੁਣੀਐ ਮਨਿ ਰਖੀਐ ਭਾਉ ॥**

ਆਓ, ਪ੍ਰਭੂ ਦੇ ਗੁਣ ਗਾਈਏ ਤੇ ਸੁਣੀਏ ਅਤੇ ਮਨ ਵਿੱਚ ਉਸਦਾ ਪ੍ਰੇਮ ਟਿਕਾਈਏ।

**ਦੁਖੁ ਪਰਹਰਿ ਸੁਖੁ ਘਰਿ ਲੈ ਜਾਇ ॥**

ਜੋ ਜੀਵ ਐਸਾ ਕਰਦਾ ਹੈ, ਉਹ ਆਪਣਾ ਦੁੱਖ ਨਾਸ ਕਰਕੇ ਸੁੱਖ ਹਿਰਦੇ ਰੂਪੀ ਘਰ ਵਿੱਚ ਲੈ ਜਾਂਦਾ ਹੈ।

**ਗੁਰਮੁਖਿ ਨਾਦੰ ਗੁਰਮੁਖਿ ਵੇਦੰ ਗੁਰਮੁਖਿ ਰਹਿਆ ਸਮਾਈ ॥**

ਉਸ ਪ੍ਰਭੂ ਦਾ ਨਾਮ ਤੇ ਗਿਆਨ ਗੁਰੂ ਦੀ ਰਾਹੀਂ ਪ੍ਰਾਪਤ ਹੁੰਦਾ ਹੈ, ਗੁਰੂ ਦੇ ਰਾਹੀਂ ਹੀ ਇਹ ਵਿਸ਼ਵਾਸ਼ ਬਣਦਾ ਹੈ ਕਿ ਉਹ ਪ੍ਰਭੂ ਸਭ ਥਾਈਂ ਵਿਆਪਕ ਹੈ।

**ਗੁਰੁ ਈਸਰੁ ਗੁਰੁ ਗੋਰਖੁ ਬਰਮਾ ਗੁਰੁ ਪਾਰਬਤੀ ਮਾਈ ॥**

ਗੁਰੂ ਹੀ ਸਾਡੇ ਲਈ ਸ਼ਿਵ ਹੈ, ਗੁਰੂ ਹੀ ਗੋਰਖ ਤੇ ਬ੍ਰਹਮਾ ਹੈ ਅਤੇ ਗੁਰੂ ਹੀ ਸਾਡੇ ਲਈ ਮਾਈ ਪਾਰਬਤੀ ਹੈ।

**ਜੇ ਹਉ ਜਾਣਾ ਆਖਾ ਨਾਹੀ ਕਹਣਾ ਕਥਨੁ ਨ ਜਾਈ ॥**

ਜੇ ਮੈਂ ਐਸੇ ਗੁਰੂ ਦੀ ਮਹਿਮਾ ਜਾਣ ਵੀ ਲਵਾਂ ਤਾਂ ਮੈਂ ਉਸਦਾ ਵਰਨਣ ਨਹੀਂ ਕਰ ਸਕਦਾ, ਕਿਉਂਕਿ ਉਸਦੀ ਅਕੱਥ ਕਥਾ ਕਹੀ ਨਹੀਂ ਜਾ ਸਕਦੀ।

**ਗੁਰਾ ਇਕ ਦੇਹਿ ਬੁਝਾਈ ॥**

ਗੁਰੂ ਨੇ ਮੈਨੂੰ ਇੱਕ ਗੱਲ ਸਮਝਾ ਦਿੱਤੀ ਕਿ

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੫॥**

ਸਾਰਿਆਂ ਜੀਵਾਂ ਦਾ ਇੱਕ ਦਾਤਾ ਹੈ, ਮੈਨੂੰ ਉਹ ਵਿਸਰ ਨਾ ਜਾਏ।

**ਤੀਰਥਿ ਨਾਵਾ ਜੇ ਤਿਸੁ ਭਾਵਾ ਵਿਣੁ ਭਾਣੇ ਕਿ ਨਾਇ ਕਰੀ ॥**

ਜੇ ਜੀਵ ਪ੍ਰਭੂ ਨੂੰ ਚੰਗਾ ਲੱਗ ਜਾਵੇ ਤਾਂ ਇਹ ਉਸਦਾ ਤੀਰਥ ਇਸ਼ਨਾਨ ਹੈ, ਪਰ ਜੇ ਚੰਗਾ ਨਾ ਲੱਗੇ ਤਾਂ ਨ੍ਹਾ ਕੇ ਵੀ ਕੀ ਕੀਤਾ?

**ਜੇਤੀ ਸਿਰਠਿ ਉਪਾਈ ਵੇਖਾ ਵਿਣੁ ਕਰਮਾ ਕਿ ਮਿਲੈ ਲਈ ॥**

ਜਿੰਨੀ ਵੀ ਕਰਤਾ ਪੁਰਖ ਦੀ ਬਣਾਈ ਸ੍ਰਿਸ਼ਟੀ ਵੇਖਦਾ ਹਾਂ, ਬਿਨਾਂ ਕਰਮਾਂ ਤੋਂ ਕਿਸੇ ਨੂੰ ਕੀ ਮਿਲਦਾ ਹੈ?

**ਮਤਿ ਵਿਚਿ ਰਤਨ ਜਵਾਹਰ ਮਾਣਿਕ ਜੇ ਇਕ ਗੁਰ ਕੀ ਸਿਖ ਸੁਣੀ॥**

ਜੀਵ ਦੀ ਮੱਤ ਵਿੱਚ ਰਤਨ, ਜਵਾਹਰ ਅਤੇ ਮਾਣਕ ਹਨ, ਪਰ ਆਪਣੇ ਯਤਨ ਨਾਲ ਨਹੀਂ ਮਿਲਦੇ, ਜੇ ਇਹ ਗੁਰੂ ਦੀ

ਸਿੱਖਿਆ ਸੁਣ ਲਵੇ ਤਾਂ ਮਿਲਦੇ ਹਨ।

**ਗੁਰਾ ਇਕ ਦੇਹਿ ਬੁਝਾਈ ॥**

ਹੇ ਗੁਰੂ ਜੀ! ਮੈਨੂੰ ਇੱਕ ਗੱਲ ਸਮਝਾ ਦਿਓ ਕਿ

**ਸਭਨਾ ਜੀਆ ਕਾ ਇਕੁ ਦਾਤਾ ਸੋ ਮੈ ਵਿਸਰਿ ਨ ਜਾਈ ॥੬॥**

ਸਾਰਿਆਂ ਜੀਵਾਂ ਦਾ ਇੱਕ ਦਾਤਾ ਹੈ, ਉਹ ਮੈਨੂੰ ਵਿਸਰ ਨਾ ਜਾਏ।

**ਜੇ ਜੁਗ ਚਾਰੇ ਆਰਜਾ ਹੋਰ ਦਸੂਣੀ ਹੋਇ ॥**

ਜੇ ਜੀਵ ਦੀ ਉਮਰ ਚਾਰ ਯੁੱਗਾਂ ਤੋਂ ਵੀ ਦੱਸ ਗੁਣਾਂ ਵੱਧ ਹੋ ਜਾਏ।

**ਨਵਾ ਖੰਡਾ ਵਿਚਿ ਜਾਣੀਐ ਨਾਲਿ ਚਲੈ ਸਭੁ ਕੋਇ ॥**

ਨੌਂ ਖੰਡਾਂ ਭਾਵ ਸਾਰੇ ਸੰਸਾਰ ਦੇ ਵਿੱਚ ਉਸਨੂੰ ਲੋਕ ਜਾਣਦੇ ਹੋਣ ਅਤੇ ਸਾਰੇ ਉਸ ਦੇ ਮਗਰ ਤੁਰਦੇ ਹੋਣ।

**ਚੰਗਾ ਨਾਉ ਰਖਾਇ ਕੈ ਜਸੁ ਕੀਰਤਿ ਜਗਿ ਲੇਇ ॥**

ਆਪਣਾ ਚੰਗਾ ਨਾਮ ਬਣਾ ਕੇ, ਜੱਗ 'ਤੇ ਜੱਸ ਅਤੇ ਸੋਭਾ ਖੱਟਦਾ ਹੋਵੇ।

**ਜੇ ਤਿਸੁ ਨਦਰਿ ਨ ਆਵਈ ਤ ਵਾਤ ਨ ਪੁਛੈ ਕੇ ॥**

ਜੇ ਉਹ ਪ੍ਰਭੂ ਦੀ ਕ੍ਰਿਪਾ-ਦ੍ਰਿਸ਼ਟੀ ਹੇਠ ਨਾ ਆਇਆ ਤਾਂ ਉਸ ਦੀ ਖ਼ਬਰ ਕਿਸੇ ਨੇ ਨਹੀਂ ਪੁੱਛਣੀ।

**ਕੀਟਾ ਅੰਦਰਿ ਕੀਟੁ ਕਰਿ ਦੋਸੀ ਦੋਸੁ ਧਰੇ ॥**

ਉਹ ਕੀੜਿਆਂ ਅੰਦਰ ਕੀੜਾ ਅਤੇ ਦੋਸ਼ੀਆਂ ਅੰਦਰ ਦੋਸ਼ੀ ਗਿਣਿਆ ਜਾਏਗਾ।

**ਨਾਨਕ ਨਿਰਗੁਣਿ ਗੁਣੁ ਕਰੇ ਗੁਣਵੰਤਿਆ ਗੁਣੁ ਦੇ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਪ੍ਰਭੂ ਨਿਰਗੁਣਾਂ ਵਿੱਚ ਗੁਣ ਅਤੇ ਗੁਣਵਾਨਾਂ ਵਿੱਚ ਹੋਰ ਗੁਣ ਪਾ ਦਿੰਦਾ ਹੈ।

**ਤੇਹਾ ਕੋਇ ਨ ਸੁਝਈ ਜਿ ਤਿਸੁ ਗੁਣੁ ਕੋਇ ਕਰੇ ॥੭॥**

ਇਹੋ ਜਿਹਾ ਕੋਈ ਵੀ ਸੰਸਾਰ 'ਤੇ ਦਿਖਾਈ ਨਹੀਂ ਦੇਂਦਾ ਜੋ ਉਸ ਪ੍ਰਭੂ ਅੰਦਰ ਗੁਣ ਪੈਦਾ ਕਰ ਸਕੇ।

**ਸੁਣਿਐ ਸਿਧ ਪੀਰ ਸੁਰਿ ਨਾਥ ॥**

ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਸਾਧਾਰਨ ਜੀਵ ਸਿੱਧ, ਪੀਰ, ਦੇਵਤੇ ਅਤੇ ਸੁਆਮੀ ਬਣਦੇ ਹਨ।

**ਸੁਣਿਐ ਧਰਤਿ ਧਵਲ ਆਕਾਸ ॥**

ਸੁਣਨ ਨਾਲ ਹੀ ਇਨ੍ਹਾਂ ਨੂੰ ਇਹ ਸੋਝੀ ਹੁੰਦੀ ਹੈ ਕਿ ਧਰਤੀ ਅਤੇ ਆਕਾਸ਼ ਦਾ ਆਸਰਾ ਪ੍ਰਭੂ ਹੈ।

**ਸੁਣਿਐ ਦੀਪ ਲੋਅ ਪਾਤਾਲ ॥**

ਸੁਣਨ ਨਾਲ ਹੀ ਇਹ ਸੋਝੀ ਪੈਂਦੀ ਹੈ ਕਿ ਪ੍ਰਭੂ ਸਾਰੇ ਦੀਪਾਂ, ਲੋਕਾਂ, ਪਤਾਲਾਂ ਵਿੱਚ ਵਿਆਪਕ ਹੈ।

**ਸੁਣਿਐ ਪੋਹਿ ਨ ਸਕੈ ਕਾਲੁ ॥**

ਪ੍ਰਭੂ ਦੇ ਨਾਮ ਨੂੰ ਸੁਣਨ ਵਾਲੇ ਨੂੰ ਮੌਤ ਨਹੀਂ ਡਰਾ ਸਕਦੀ।

**ਨਾਨਕ ਭਗਤਾ ਸਦਾ ਵਿਗਾਸੁ ॥**

ਸ੍ਰੀ ਗੁਰੂ ਜੀ ਕਹਿੰਦੇ ਹਨ ਕਿ ਭਗਤ ਹਮੇਸ਼ਾਂ ਖੁਸ਼ ਰਹਿੰਦੇ ਹਨ।

**ਸੁਣਿਐ ਦੂਖ ਪਾਪ ਕਾ ਨਾਸੁ ॥੮॥**

ਪ੍ਰਭੂ ਦੇ ਨਾਮ ਨੂੰ ਸੁਣਨ ਨਾਲ ਦੁੱਖਾਂ ਅਤੇ ਪਾਪਾਂ ਦਾ ਨਾਸ ਹੋ ਜਾਂਦਾ ਹੈ।

**ਨਾਮਧਾਰੀ ਨਿਤਨੇਮ ਸਟੀਕ ਵਿੱਚੋਂ.....**

# ਸ੍ਰੀ ਸਤਿਗੁਰੂ ਬਾਲਕ ਸਿੰਘ ਜੀ

**ਇੰਦਰ ਸਿੰਘ ਚੱਕਰਵਰਤੀ**

ਪੰਜਾਬ ਦੇ ਪੱਛਮੀ ਭਾਗ ਅਰਥਾਤ ਪੋਠੋਹਾਰ, ਜ਼ਿਲ੍ਹਾ ਅਟਕ ਵਿਖੇ ਇਕ ਸਰਵਾਲਾ[1] ਨਾਮ ਗ੍ਰਾਮ ਹੈ। ਜਿਸ ਵਿੱਚ ਬੱਤਰੇ ਜਾਤੀ ਦੇ ਅਰੋੜੇ ਸਿੱਖ ਬਾਬਾ ਦਯਾਲ ਸਿੰਘ ਜੀ ਨਿਵਾਸ ਕਰਦੇ ਸਨ, ਓਹਨਾਂ ਦੇ ਘਰ, ਮਾਤਾ ਭਾਗਭਰੀ ਜੀ ਦੀ ਪਵਿੱਤਰ ਕੁੱਖ ਦੁਆਰਾ ਫੱਗਣ ਸੁਦੀ ੧੫ (ਪੂਰਨ ਮਾਸੀ) ਸੰਮਤ ੧੮੪੧ ਬਿ: ਨੂੰ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ, ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਏਹਨਾਂ ਵਾਕਾਂ ਨੂੰ ਸਫ਼ਲ ਕਰਨ ਲਈ ਹੋਯਾ, ਜੋ ਆਪ ਜੀ ਨੇ ਆਲਿਮ ਸਿੰਘ ਜੀ ਦੇ ਪੁਛਣ ਤੇ ਉਚਾਰਨ ਕੀਤੇ ਸਨ:

ਆਲਿਮ ਸਿੰਘ ਬੰਦ ਕਰ ਦੋਇ।
ਕਿਹਾ ਕਿ ਦਰਸਨ ਭੀ ਤੁਮ ਹੋਇ।

ਦੋਹਿਰਾ–

ਕਹਿਓ ਗੁਰੂ ਹਮ ਭੀ ਰਾਖਹਿ ਹਿਰਦੇ ਭਾਵਨੀ ਸੋਇ।
ਸ੍ਰੀ ਅੰਮ੍ਰਿਤਸਰ ਪਹੁੰਚ ਬੇ, ਰਾਮ ਸਰੋਵਰ ਜੋਇ।
ਬੇਰ ਗਿਆਰਵੀਂ ਹਮ ਚਲ ਆਵਹਿ।
ਤਿਸਤੇ ਕੋਇਕ ਹਮ ਲਖ ਪਾਵਹਿ।
ਪੰਥ ਖਾਲਸਾ ਖੇਤੀ ਮੇਰੀ।
ਕਰੋਂ ਸੰਭਾਲਨ ਮੈ ਤਿਸ ਬੇਰੀ।

(ਸ੍ਰੀ ਗੁਰ ਪ੍ਰਤਾਪ ਸੂਰਜ ਰੁਤ ਪਵੀਂ ਅੰਸੂ ੩੮)

ਜਨਮ ਸਮੇਂ ਮਾਤਾ ਜੀ ਨੂੰ ਸ੍ਰੀ ਸਤਿਗੁਰੂ ਨਾਨਕ ਦੇਵ ਜੀ ਦਾ ਦੀਦਾਰ ਹੋਇਆ। ਜੇਹਾ ਕਿ ਜਗਤ ਦੀ ਮਰਯਾਦਾ ਹੈ ਮਾਤਾ ਪਿਤਾ ਨੂੰ ਵਧਾਈਆਂ ਮਿਲਨ ਲਗੀਆਂ ਕਿਸੇ ਨੂੰ ਕੀ ਪਤਾ ਸੀ, ਅਤੇ ਕੌਣ ਜਾਣਦਾ ਸੀ ਜੋ ਇਹ ਬਾਲਕ, ਜੋ ਬਾਬਾ ਦਯਾਲ ਸਿੰਘ ਜੀ ਦੇ ਘਰ ਬਾਲਕ ਰੂਪ ਹੋ ਕੇ ਪ੍ਰਕਾਸ਼ਮਾਨ ਹੋਇਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਾਜੇ ਹੋਏ ਖਾਲਸੇ ਦੀ ਰਖਯਾ[2] ਲਈ ਵਾੜ ਸਿਧ ਹੋਵੇਗਾ। ਬਾਲਕ ਦੀ ਸੁੰਦਰ ਅਰ ਮੋਹਨੀ ਮੂਰਤੀ ਦੀ ਦਮਕ ਅਤੇ ਮਸਤਕ ਦਾ ਤੇਜ ਵੇਖਕੇ ਸਿਆਣੇ ਪੁਰਸ਼ ਕਿਆਸ ਕਰਦੇ ਕਿ ਏਹ ਬਾਲਕ ਬੜੇ ਉੱਤਮ ਭਾਗਾਂ ਵਾਲਾ, ਤੇਜੱਸਵੀ ਅਰ ਪ੍ਰਤਾਪ ਪੁੰਜ ਹੋਵੇਗਾ। ਪੰਡਤ ਅਤੇ ਜੋਤਸ਼ੀਆਂ ਦੱਸਿਆ ਕਿ ਬਾਬਾ ਦਯਾਲ ਸਿੰਘ ਜੀ ਆਪ ਦਾ ਏਹ ਪੁੱਤਰ ਕੋਈ ਸਾਧਾਰਨ ਬਾਲਕ ਨਹੀਂ, ਏਸਦਾ ਨਛੱਤਰ, ਏਸਦੀ ਹਸਤ ਰੇਖਾ ਅਤੇ ਮਸਤਕ ਦੀ ਝਲਕ ਏਹ ਸੂਚਨਾ ਪਈ ਦੇਂਦੀ ਏ ਕਿ ਏਹਨਾਂ ਨੂੰ ਜਗਤ ਗੁਰੂ ਈਸ਼ਵਰ ਅਵਤਾਰ ਮੰਨਕੇ ਜਗਤ ਵਿਖੇ ਪੂਜਿਆ ਜਾਵੇਗਾ।[3]



ਪ੍ਰਸਿੱਧ ਨਾਮਧਾਰੀ ਲੇਖਕ

ਜਿਸ ਬੰਨੇ ਏਹ ਆਪਣੀ ਸੁਭਾਵਕ ਦ੍ਰਿਸ਼ਟੀ ਤੱਕਨਗੇ, ਮਿੱਟੀ ਸਵਰਨ ਅਤੇ ਬਿਖ ਅੰਮ੍ਰਿਤ ਹੋ ਜਾਸੀ। ਅਨੇਕ ਜੀਆਂ ਨੂੰ ਭਵ ਸਾਗਰ ਤੋਂ ਪਾਰ ਉਤਾਰਨ ਲਈ ਏਹ ਬਾਲਕ ਖੇਵਟ ਰੂਪੀ ਹੋਸੀ। ਏਸ ਤਰ੍ਹਾਂ ਦੀ ਮਹਿਮਾਂ ਕਰਕੇ ਪੰਡਤਾਂ ਨੇ ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਚਰਨਾਂ ਤੇ ਨਮਸ਼ਕਾਰ ਕੀਤੀ ਅਤੇ ਆਖਨ ਲਗੇ, ਧੰਨ ਹਾਂ ਅਸੀਂ ਅਤੇ ਧੰਨ ਹਨ ਸਾਡੇ ਭਾਗ, ਜਿਨ੍ਹਾਂ ਨੂੰ ਅੱਜ ਈਸ਼ਵਰ ਅਵਤਾਰ ਦੇ ਦਰਸ਼ਨ ਬਾਲ ਅਵਸਥਾ ਵਿਚ ਹੋਏ ਹਨ। ਪੰਡਤਾਂ ਦੀ ਜ਼ਬਾਨੀ ਅਤੇ ਜਨਮ ਸਮੇਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ, ਆਪਣੇ ਪੁੱਤਰ ਦਾ ਭਾਗ ਅਤੇ ਜਸ ਸੁਣਕੇ ਸ੍ਰੀ ਮਾਤਾ ਭਾਗ ਭਰੀ ਜੀ ਅਤੀ ਪ੍ਰਸੰਨ ਹੁੰਦੇ ਹੋਏ ਆਪਣੇ ਧੰਨ ਭਾਗ ਸਮਝਦੇ। ਬਾਬਾ ਦਯਾਲ ਸਿੰਘ ਜੀ ਅਤੇ ਪਰਵਾਰ ਦੇ ਦੂਜੇ ਜੀਵ, ਆਪਣੀ ਕੁਲ ਦਾ ਜਸ ਅਰ ਕੀਰਤੀ ਸੁਣਕੇ ਫੁੱਲੇ, ਜਾਮੇ ਵਿਚ ਨਹੀਂ ਸਮਾਂਦੇ। ਇਸ ਖ਼ੁਸ਼ੀ ਵਿੱਚ ਅਤਿੱਥੀਆਂ, ਭਿਖਾਰੀਆਂ ਅਤੇ ਲਾਗੀਆਂ ਨੂੰ ਮਨ ਭਾਉਂਦੇ ਦਾਨ ਦਿੱਤੇ। ਸਾਧੂ, ਸੰਤ, ਗਰੀਬ ਅਤੇ ਬ੍ਰਾਹਮਣਾਂ ਨੂੰ ਭੰਡਾਰੇ ਦਿੱਤੇ। ਸਭ ਪਰਵਾਰ ਨੇ ਇਕੱਤ੍ਰ ਹੋਕੇ ਖ਼ੁਸ਼ੀਆਂ ਮਨਾਈਆਂ। ਨਾਮ ਰੱਖਣ ਦੀ ਪੁਰਾਤਨ ਮਰਯਾਦਾ ਅਨੁਸਾਰ ਧਰਮਸ਼ਾਲਾ ਪ੍ਰਸ਼ਾਦ ਕਰਾ ਕੇ– 'ਬਿਸਰਿ ਗਈ ਸਭ ਤਾਤਿ ਪਰਾਈ' ਤੁਕ ਦੇ ਪਹਿਲੇ ਅੱਖਰ ਦੇ ਅਧਾਰ ਤੇ ਬਾਲਕ ਸਿੰਘ ਰੱਖਿਆ। ਸਮੇਂ ਅਨੁਸਾਰ ਆਪ ਦਿਨੋ-ਦਿਨ ਪੂਰਨਮਾਂ ਦੇ ਚੰਨ ਵਾਂਗ ਪ੍ਰਫੁੱਲਤ ਹੁੰਦੇ ਗਏ। ਆਪ ਜੀ ਦੀ ਲੀਲ੍ਹਾ ਸੁਭਾਵ ਅਤੇ ਹੋਰ ਸਾਰੇ ਲੱਖਣ ਸਮੂਹ ਬਾਲਕਾਂ ਨਾਲੋਂ ਅਸਲੋਂ ਹੀ ਅਡਰੇ ਸਨ। ਅਤੇ ਉਕੇ ਹੀ ਵਚਿਤ੍ਰ ਸਨ। ਰੋਣ ਦਾ ਨਾਉਂ ਤੀਕ ਨਹੀਂ ਸਨ ਜਾਣਦੇ। ਜਿੱਥੇ ਬੈਠਣਾ, ਚੁੱਪ ਬੈਠੇ ਰਹਿਣਾ ਅਤੇ ਜਿਸ ਬੰਨੇ ਧਿਆਨ ਹੋ ਜਾਵੇ ਇਕ ਟੱਕ ਵੇਂਹਦਿਆਂ ਰਹਿਣਾ। ਜਦੋਂ ਬੋਲਣ ਲਗੇ, ਅਜੇਹੀਆਂ ਮਿੱਠੀਆਂ, ਤੋਤਲੀਆਂ, ਰਹੱਸਜਨਕ ਗੱਲਾਂ ਕਰਨੀਆਂ ਜੋ ਸੁਣਨ ਵਾਲਿਆਂ ਹੈਰਾਨ ਰਹਿ ਜਾਣਾ। ਅੱਠਾਂ ਵਰ੍ਹਿਆਂ ਦੀ ਉਮਰ ਵਿਚ ਹੀ ਆਪ ਜੀ ਨੇ ਗੁਰਮੁੱਖੀ

ਅਤੇ ਲੰਡੇ ਪੜ੍ਹ ਲਏ। ਆਪ ਜੀ ਦੀ ਰਹਿਣੀ, ਬਹਿਣੀ ਅਤੇ ਕਹਿਣੀ, ਕਰਨੀ ਵੇਖਕੇ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਬਾਲ ਜੀਵਨ ਚੇਤੇ ਆ ਜਾਂਦਾ। ਕਈ ਲੋਕੀਂ ਤਾਂ ਆਖ ਵੀ ਦੇਂਦੇ ਸਨ ਕਿ ਭਾਈ ਏਹ ਬਾਲਕ ਤਾਂ ਸਾਡੇ ਨੱਗਰ ਵਿਚ, ਸ੍ਰੀ ਗੁਰੂ ਨਾਨਕ ਦੇਵ ਪ੍ਰਗਟ ਹੋਯਾ ਹੈ। ਸਾਰੀਆਂ ਚਾਲੀਆਂ ਸ੍ਰੀ ਗੁਰੂ ਨਾਨਕ ਦੇਵ ਵਾਲੀਆਂ ਹੀ ਪ੍ਰਤੀਤ ਹੁੰਦੀਆਂ ਹਨ। ਘਰ ਥੀਂ ਲੋੜ ਅਨੁਸਾਰ ਮਾਤਾ ਜੀ ਦੀ ਅੱਖ ਬਚਾ ਕੇ ਪਦਾਰਥ ਲੈ ਜਾਣੇ ਅਤੇ ਲੋਕਾਂ ਨੂੰ ਆਖਣਾ ਕਿ ਭਾਈ ਅਸੀਂ ਧਨ ਬੀਜਨ ਚਲੇ ਹਾਂ। ਬਹੁਤਾ ਹੋ ਕੇ ਉਗੇਗਾ, ਵਧੇਗਾ, ਫੁਲੇਗਾ। ਓਹ ਪਦਾਰਥ ਅਨਾਥ ਬਾਲਕਾਂ ਨੂੰ ਵੰਡ ਦੇਣਾ। ਮਾਤਾ ਪਿਤਾ ਜੀ ਨੂੰ ਪਤਾ ਲੱਗਣ ਤੇ ਜਦ ਉਹਨਾਂ ਨੇ ਨਾਰਾਜ਼ ਹੋਣਾ ਤਾਂ ਆਪ ਨੇ ਨਿਰਭੈਤਾ ਸਹਿਤ ਉੱਤਰ ਦੇਣਾ ਕਿ 'ਪਿਤਾ ਜੀ ! ਜਿਵੇਂ ਕ੍ਰਿਸਾਨ ਪੈਲੀ ਵਿਚ ਇਕ ਮਣ ਅਨਾਜ ਬੀਜ ਕੇ ਅਨੇਕਾਂ ਮਣ ਪੈਦਾ ਕਰ ਲੈਂਦਾ ਹੈ, ਏਸੇ ਤਰ੍ਹਾਂ ਜੇ ਅਸੀਂ ਇਸਨੂੰ ਗ੍ਰੀਬਾਂ ਦੇ ਤਨ ਰੂਪ ਖੇਤ ਵਿਚ ਬੀਜਾਂਗੇ ਤਾਂ ਏਹ ਸਹੰਸਰ ਗੁਣਾਂ ਵਧੀਕ ਹੋ ਕੇ ਪ੍ਰਫੁੱਲਤ ਹੋਵੇਗਾ। ਇਸ ਤਰ੍ਹਾਂ ਦੇ ਬਚਨ ਸੁਣਕੇ ਮਾਤਾ ਪਿਤਾ ਪ੍ਰਸੰਨ ਵੀ ਹੁੰਦੇ ਹਨ ਅਤੇ ਔਖੇ ਵੀ। ਪ੍ਰਸੰਨ ਤਾਂ ਏਸ ਲਈ ਹੁੰਦੇ ਹਨ ਕਿ ਜਿਉਤਸ਼ੀਆਂ ਦੇ ਬਚਨ ਪੂਰੇ ਹੁੰਦੇ ਹੋਏ ਨਜ਼ਰ ਆ ਰਹੇ ਹਨ ਅਤੇ ਔਖੇ ਇਸ ਲਈ ਹੁੰਦੇ ਹਨ ਕਿ ਘਰ ਉਜੜਦਾ ਹੈ। ਆਪ ਜੀ ਦੀ ਬਥੇਰੀ ਰਾਖੀ ਰੱਖਦੇ ਅਤੇ ਅਗਯਾਨ ਵਸ ਹੋ ਕੇ ਕਈ ਵਾਰ ਘੂਰ ਵੀ ਦਿੰਦੇ ਪਰ ਗੁਰੂ ਜੀ ਕਦੀ ਕਦਾਈਂ ਆਪਣਾ ਦਾਉ ਚਲਾ ਹੀ ਜਾਂਦੇ। ਬਾਲਕਾਂ ਦੀਆਂ ਅਨੇਕਾਂ ਪੰਗਤਾਂ ਲੁਆ ਕੇ ਆਪ ਅਗੇ ਸ਼ਬਦ ਪੜ੍ਹਦੇ ਅਤੇ ਓਨ੍ਹਾਂ ਨੂੰ ਪਿਛੇ ਪੜ੍ਹਾਂਦੇ। ਅਜੇਹੀਆਂ ਲੀਲਾਂ ਕਰਦੇ ਮਾਨੋਂ ਮਾਤਾ ਜਸ਼ੋਧਾਂ ਦਾ ਪਯਾਰਾ ਦੇਵਕੀ ਨੰਦਨ ਅਨੰਦ, ਕੰਦ ਭਗਵਾਨ ਸ੍ਰੀ ਕ੍ਰਿਸ਼ਨ ਚੰਦਰ ਸਰਵਾਲੇ ਵਿਚ ਅਵਤਾਰ ਧਾਰਕੇ ਆਪਣੇ ਗੁਆਲ ਬਾਲਕਾਂ ਨਾਲ ਖੇਲ ਰਿਹਾ ਹੈ। ਸ੍ਰੀ ਸਤਿਗੁਰੂ ਨਾਨਕ ਦੇਵ ਜੀ ਵਾਂਗ ਆਪ ਜੀ ਦਾ ਡੇਰਾ ਵੀ ਕਦੀ ਮੜ੍ਹੀਆਂ ਵਿਚ ਅਤੇ ਕਦੀ ਕਬਰਾਂ ਵਿੱਚ ਲੱਗਾ ਹੀ ਰਹਿੰਦਾ। ਘਰ ਦਾ ਕਾਜ ਵਿਹਾਰ ਕਰਨ ਦੇ ਯੋਗ ਹੁੰਦੇ ਹੋਯਾਂ ਤੱਕ ਕੇ ਕਦੀ-ਕਦੀ ਪਿਤਾ ਜੀ ਆਖ ਤਾਂ ਦਿੰਦੇ ਪਰ ਅੰਤ ਨਿਰੁੱਤਰ ਹੋ ਕੇ ਚੁਪ ਹੋ ਜਾਂਦੇ। ਕੋਈ ਆਂਹਦਾ ਕਿ ਦਿਆਲ ਸਿੰਘ ਦਾ ਪੁੱਤਰ ਕਮਲਾ ਹੋ ਗਿਆ ਹੈ। ਕੋਈ ਆਂਹਦਾ ਜੋ ਏਸ ਨੂੰ ਕੁਝ ਚੰਬੜ ਗਿਆ ਹੈ। ਸ੍ਰੀ ਗੁਰੂ ਨਾਨਕ ਵਾਂਗ ਵੈਦਾਂ ਮਉਲਾਨਿਆਂ ਨੇ ਬਥੇਰਾ ਜ਼ੋਰ ਲਾਯਾ ਪਰ ਗੁਰੂ ਜੀ ਦੀ ਤਬੀਯਤ (ਸੁਭਾਵ) ਵਿਚ ਕੋਈ ਤਬਦੀਲੀ ਨਾ ਹੋਈ।

ਓਹ ਰੋਗ ਕੋਈ ਅਜੇਹਾ ਤਾਂ ਹੈ ਹੀ ਨਹੀਂ ਸੀ ਜਿਸਨੂੰ ਦੁਨਿਆਵੀ ਵੈਦ ਨਾੜੀਆਂ ਤੇ ਉਂਗਲਾਂ ਧਰਕੇ ਲਭ ਲੈਂਦੇ ਅਤੇ ਜੜੀਆਂ ਬੂਟੀਆਂ ਨਾਲ ਦੂਰ ਕਰ ਦਿੰਦੇ ਅਤੇ ਨਾ ਹੀ ਓਹ ਅਜੇਹਾ ਕੋਈ ਜਿੰਨ, ਭੂਤ ਹੀ ਸੀ ਜੋ ਮਾਂਦ੍ਰੀਆਂ ਮੁਲਾਣਿਆਂ ਦੇ ਉਪਚਾਰ ਨਾਲ ਦੂਰ ਹੋ ਜਾਂਦਾ। ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੀ ਵੇਦਨ ਕੋਈ ਅਜੇਹੀ ਨਹੀਂ ਸੀ ਜੋ ਵੈਦਿਕ ਪੋਥੀਆਂ ਦੇ ਨੁਸਖਿਆਂ ਨਾਲ ਦੂਰ ਹੋ ਜਾਂਦੀ। ਓਹ ਕਲੇਜੇ ਦੀ ਕਰਕ ਕੋਈ ਐਸੀ ਵੈਸੀ ਨਹੀਂ ਸੀ ਜੋ ਕਿਸੇ ਦੁਨੀਆਵੀ ਢੰਗ, ਜੰਤ੍ਰ, ਮੰਤ੍ਰ ਟੂਣੇ ਟਾਮਣ ਨਾਲ ਦੂਰ ਹੋ ਜਾਂਦੀ। ਹਾਰਕੇ ਵੈਦਾਂ ਅਤੇ ਮਾਂਦ੍ਰੀਆਂ ਨੇ ਆਖ ਦਿਤਾ ਕਿ ਬਾਲ ਦੀ ਬੀਮਾਰੀ ਸਾਡੀ ਸਮਝ ਥੀਂ ਬਾਹਰ ਹੈ। ਵਿੱਚ-ਵਿੱਚ ਅਜੇਹੇ ਵੀ ਕਈ ਲੋਕੀਂ ਸਨ ਜੋ ਬਾਬਾ ਦਯਾਲ ਸਿੰਘ ਜੀ ਨੂੰ ਆਖਦੇ ਕਿ ਬਾਬਾ ਤੂੰ ਕਿਉਂ ਐਵੇਂ ਫਿਕਰ ਪਿਆ ਕਰਨਾ ਹੈਂ ਏਹ ਤੇਰਾ ਪੁੱਤਰ ਕਿਸੇ ਦੁਨੀਆਵੀ ਰੋਗ ਨਾਲ ਗ੍ਰਸਤ ਨਹੀਂ ਸਗੋਂ ਤੂੰ ਖੁਸ਼ ਹੋ ਅਤੇ ਨਿਸਚਾ ਕਰ ਕਿ ਤੇਰਾ ਪੁੱਤਰ ਹਜਾਰਾਂ ਤੇ ਲੱਖਾਂ ਮਾਨਸਿਕ ਬੀਮਾਰੀਆਂ ਦੇ ਦੂਰ ਕਰਨ ਲਈ ਸਚਾ ਵੈਦ ਪਰਗਟ ਹੋਯਾ ਹੈ। ਸਤਿਗੁਰੂ ਜੀ ਦਿਨੇ ਰਾਤ ਸਮਾਧੀ ਲਾ ਕੇ ਨਾਮ ਅਭਿਆਸ ਵਿਚ ਅਜੇਹੇ ਲੀਨ ਹੁੰਦੇ ਕਿ ਤਨ ਬਦਨ ਦੀ ਸੁਧ ਵਿਸਰ ਜਾਂਦੀ। ਚਾਰ ਪਹਿਰ ਅਖੰਡ ਸਮਾਧੀ ਲਗੀ ਰਹਿੰਦੀ। ਆਪ ਜੀ ਦਾ ਮਨ ਸਦੀਵ ਕਾਲ ਹੀ ਵੈਰਾਗੀ ਰਹਿੰਦਾ। ਜਦ ਕਿਸੇ ਭੌਰ ਨੂੰ ਫੁੱਲ ਉਤੇ ਮੰਡਰਾਂਦਾ ਤਕਦੇ ਤਾਂ ਬਿਹਬਲ ਹੋ ਉਠਦੇ, ਆਪ ਜੀ ਦੇ ਵੈਰਾਗੀ ਦਿਲ ਵਿਚ ਵੈਰਾਗ ਦਾ ਹੜ੍ਹ ਬਹਿ ਟੁਰਦਾ। ਓਸੇ ਭੌਰੇ ਨੂੰ ਸੰਬੋਧਨ ਕਰਦੇ ਹੋਏ ਆਂਹਦੇ ਕਿ - 'ਹੇ ਫੁੱਲ ਦੀ ਮਕਰੰਦ ਵਿਚ ਮੱਤੇ ਹੋਏ ਸ਼ੈਦਾਈ ਭਵਰ ! ਕੀ ਤੈਨੂੰ ਪਤਾ ਨਹੀਂ, ਜੋ ਤੇਰੇ ਸਿਰ ਉਤੇ ਵੀ ਕਾਲ ਏਸ ਤਰ੍ਹਾਂ ਹੀ ਗੁੰਜਰਾਂਦਾ ਹੈ ਪਿਆ ? ਇਸ ਫੁੱਲ ਦੀ ਖੁਸ਼ਬੋ ਵਿੱਚ ਮਗਨ ਹੋ ਕੇ ਉਸ ਦਾਤਾਰ, ਸਿਰਜਨਹਾਰ ਦੀ ਯਾਦ ਤੋਂ ਨਾ ਫੁਰਮਾਨ ਨਾ ਹੋ ! ਨਹੀਂ ਤੇ ਯਾਦ ਰੱਖ, ਬਿਨਾਂ ਗੁਰ ਸ਼ਬਦ ਥੀਂ ਤੂੰ ਵੀ ਜਮ ਦੀਆਂ ਚੋਟਾਂ ਖਾਵੇਂਗਾ ਅਤੇ ਤੇਰਾ ਕੋਈ ਵੀ ਸਹਾਇਕ ਤੈਨੂੰ ਬਚਾ ਨਹੀਂ ਸਕੇਗਾ, ਛੁਡਾ ਨਹੀਂ ਸਕੇਗਾ।' ਏਸ ਤਰ੍ਹਾਂ ਦੇ ਬਚਨ ਕਰਦੇ ਲਿੱਲਾਂ ਮਾਰਨ ਲੱਗ ਪੈਂਦੇ ਅਤੇ ਆਪਣੇ ਮਨ ਨੂੰ ਆਂਹਦੇ - 'ਹੇ ਮਨ ! ਤੂੰ ਵੀ ਤੇ ਏਸ ਭਵਰ ਵਾਂਗ ਸੰਸਾਰ ਸੁਮਨ (ਫੁੱਲ) ਦੀ ਮਕਰੰਦ ਤੇ ਮਸਤ ਹੋ, ਆਪਣੇ ਜੀਵਨ ਦੀ ਅਸਲੀਯਤ ਨੂੰ ਉੱਕਾ ਹੀ ਭੁਲਾਈ ਬੈਠਾ ਹੈਂ। ਕੀ ਤੈਨੂੰ ਯਾਦ ਨਹੀਂ ਜੋ ਤੇਰਾ ਕੀ ਇਕਰਾਰ ਸੀ ? ਅਤੇ ਤੂੰ ਕੀ-ਕਰਨ ਲਈ ਦੁਨੀਆਂ ਤੇ ਆਇਆ ਸੈਂ ? ਬਸ ਇਸ ਤਰ੍ਹਾਂ ਦੇ ਬਚਨਾਂ ਨਾਲ ਬਾਬਾ ਜੀ ਦੇ ਮਨ ਦੀ ਅਜੇਹੀ ਹਾਲਤ ਹੋ ਜਾਂਦੀ ਜੋ ਆਪ ਜੀ ਨੂੰ ਧਨ, ਧਾਮ, ਘਰ, ਬਾਰ, ਖਾਣਾ-

ਪੀਣਾ, ਸੌਣਾ, ਹੱਸਣਾ, ਖੇਡਣਾ, ਮਾਤ-ਪਿਤਾ ਆਦਿ ਸਭ ਭੁਲ ਜਾਂਦੇ।

### ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਮਿਲਾਪ
### ਗੁਰ ਮੰਤਰ -ਗੁਰਿਆਈ

ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਏਸ ਤਰ੍ਹਾਂ ਦੇ ਕੌਤਕ ਦੇਖ, ਅਤੇ ਰੱਬੀ ਰੰਗ ਵਿਚ ਤੱਕ ਸਰਵਾਲਾ ਨਿਵਾਸੀ ਅਸਚਰਜ ਪਏ ਹੁੰਦੇ ਹਨ। ਇਤਨੀ ਅਲਪ ਆਯੂ ਵਿਚ ਅਰਥਾਤ 12 ਸਾਲ ਦੀ ਉਮਰ ਵਿਚ ਇਸਤਰ੍ਹਾਂ ਦੇ ਕੌਤਿਕ ਨਿਹਾਰ ਅਤੇ ਰੱਬੀ ਰੰਗਤ ਦੇ ਮਨੋਹਰ ਦ੍ਰਿਸ਼ਯ ਵੇਖ ਵੇਖ ਕੇ ਲੋਕੀਂ ਹੈਰਾਨ ਹੋ ਰਹੇ ਹਨ ਅਤੇ ਸਭਨਾਂ ਘਰਾਂ ਵਿੱਚ ਸ੍ਰੀ ਗੁਰੂ ਬਾਲਕ ਸਿੰਘ ਜੀ ਦੇ ਦੈਵੀ ਗੁਣਾਂ ਦਾ ਹੀ ਚਰਚਾ ਹੈ। ਕੀ ਜਵਾਨ, ਅਤੇ ਕੀ ਬਿਰਧ, ਕੀ ਇਸਤ੍ਰੀ ਅਤੇ ਕੀ ਪੁਰਸ਼ ਸਾਰੇ ਹੀ ਆਪ ਨੂੰ ਕੋਈ ਕਰਨੀ ਵਾਲਾ ਮਹਾਂ ਪੁਰਖ ਸਮਝਕੇ ਆਦਰ ਅਤੇ ਸਤਿਕਾਰ ਦੀ ਨਿਗਾਹ ਨਾਲ ਤਕਦੇ ਹਨ। ਇਸ ਤਰ੍ਹਾਂ ਗੁਰੂ ਜੀ ਦਾ ਏਹ ਬਾਲ ਜੀਵਨ 12 ਸਾਲ ਦੀ ਅਵਸਥਾ ਤੇ ਪੁੱਜਕੇ ਸਮਾਪਿਤ ਹੋਯਾ। ਹੁਣ ਤੀਕ ਆਪ ਨੇ ਪੁਰਾਤਨ ਮਰਯਾਦਾ ਅਨੁਸਾਰ ਕੋਈ ਗੁਰੂ ਧਾਰਨ ਨਹੀਂ ਸੀ ਕੀਤਾ ਅਤੇ ਇਸ ਦਾ ਆਪ ਨੂੰ ਸਦੀਵ ਹੀ ਖਯਾਲ ਰਹਿੰਦਾ ਅਤੇ ਆਪ ਦੀ ਉਮਰ ਜੁਆਨ ਹੋ ਗਈ ਸ੍ਰੀ ਮਾਨ ਬਾਬਾ ਦਯਾਲ ਸਿੰਘ ਦੀ ਨੇ ਛੋਈ ਨਾਮੀ ਪਿੰਡ ਵਿਖੇ ਹੱਟੀ ਪਾ ਲਈ ਸੀ। ਇਸ ਲਈ ਕਈ ਵਾਰੀ ਸ੍ਰੀ ਗੁਰੂ ਬਾਲਕ ਸਿੰਘ ਜੀ ਪਿਤਾ ਜੀ ਪਾਸ ਛੋਈ ਜਾਂਦੇ। ਇਕ ਦਿਨ ਸਵੇਰੇ ਉਠਕੇ ਜਦੋਂ ਗੁਰੂ ਬਾਲਕ ਸਿੰਘ ਜੀ ਸਰਵਾਲੇ ਤੋਂ ਛੋਈ ਨੂੰ ਜਾ ਰਹੇ ਸਨ। ਰਸਤੇ ਵਿਚ ਜਿਥੇ ਹਰੋ ਨਦੀ ਅਤੇ ਦਰਿਆ ਸਿੰਧ ਦਾ ਸੰਗਮ (ਮਿਲਾਪ) ਹੁੰਦਾ ਹੈ, ਏਹ ਅਸਥਾਨ ਬੜਾ ਮਨੋਹਰ ਅਤੇ ਰਮਣੀਕ ਹੈ, ਸੌਂਹੇ ਛੋਈ ਦੇ ਪਹਾੜ ਦਾ ਵਚਿਤ੍ਰ ਨਜ਼ਾਰਾ ਹੈ, ਕੁਦਰਤ ਦੇ ਰਸੀਆਂ ਲਈ ਇਹ ਥਾਂ ਇਕ ਅਦਭੁਤ ਹੈ। ਬਦੋ ਬਦੀ ਚਿਤ ਬ੍ਰਿਤੀ[4] ਸਥਿਤ ਹੋ ਕੇ ਅਕਾਗਰ ਹੋ ਭਜਨ ਵਿਚ ਲੀਨ ਹੋ ਜਾਂਦੀ ਹੈ। ਸੁਬਾਹ ਦਾ ਚੌਥਾ ਪਹਿਰ, ਸੁਰਤ ਵਾਲੇ ਗੁਰੂ ਬਾਲਕ ਸਿੰਘ ਜੀ, ਜਦੋਂ ਏਸ ਦਰਿਆ ਤੇ ਹਾਂ ਜੀ-ਤਿਨ੍ਹਾਂ ਦਰਿਆਵਾਂ ਸਿਉ ਦੋਸਤੀ। ਰੱਖਣ ਵਾਲੇ ਗੁਰੂ ਬਾਲਕ ਸਿੰਘ ਜੀ ਜਦ ਏਥੇ ਅਪੜੇ ਤਾਂ ਝਟ ਬਿਰਤੀ ਸਤਿਗੁਰ ਚਰਨਾਂ ਨਾਲ ਜਾ ਜੁੜੀ। ਚੌਂਕੜਾ ਮਾਰ ਬੈਠੇ। ਇਤਨੇ ਵਿਚ ਆਪ ਕੀ ਵੇਖਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਪੰਜਾਂ ਸਿੰਘਾਂ ਸਮੇਤ ਘੋੜੇ ਤੇ ਸਵਾਰ ਹੋਏ ਸੋਹੇਂ ਆਨ ਖਲੋਤੇ ਹਨ। ਬਾਬਾ ਜੀ ਨੇ ਝਟ ਉਠ ਵਾਗ ਫੜ ਲਈ। ਨਦਰੀ ਨਦਰ ਨਿਹਾਲ ਕਰਨ ਵਾਲੇ ਚੋਜੀ ਦਸਮੇਸ਼ ਪਾਤਸ਼ਾਹ ਹਸੂੰ-ਹਸੂੰ ਕਰਦੇ ਘੋੜੇ ਤੋਂ ਉਤਰ ਆਸਨ ਤੇ ਬਰਾਜਮਾਨ ਹੋ ਗਏ। ਬਾਬਾ ਜੀ ਨੇ ਚਰਨਾਂ ਪਰ ਨਮਸ਼ਕਾਰ ਕਰਕੇ ਪ੍ਰਾਰਥਨਾ ਕੀਤੀ ਕਿ ਹੇ ਦੀਨ ਦਯਾਲ ਜੀ! ਆਪ ਜੀ ਦਾ ਤੇਜਸਵੀ ਭਾਲ, ਧੁਨਸ਼ਬਾਨ, ਜਿਗਾ ਕਲਗੀ, ਸਵੈਤਬਾਜ ਦੇਖ ਮੈਨੂੰ ਏਹ ਨਿਸਚਾ ਪਿਆ ਹੁੰਦਾ ਹੈ ਕਿ ਆਪ ਜੀ ਦੀ ਪ੍ਰਮ ਪਾਵਨ ਵਯੱਕਤੀ ਓਹੀ ਹੀ ਹੈ ਜਿਸਦਾ ਹਾਲ ਨਿਕੇ ਹੁੰਦਿਆਂ ਤੋਂ ਮੇਰੇ ਪਿਤਾ ਜੀ ਮੈਨੂੰ ਸੁਣਾਯਾ ਕਰਦੇ ਸਨ, ਅਤੇ ਜਿਸਦੀ ਏਹ ਅਲੌਕਿਕ ਮੂਰਤੀ ਮੇਰੇ ਹਿਰਦੇ ਪਟਲ (ਦਿਲ ਦੇ ਤਖ਼ਤੇ) ਤੇ ਅੰਕਿਤ ਹੋਈ ਪਈ ਏ। ਕਿਉਂ ਜੀ! ਸੋ ਨਾ ਜੀ! ਆਪ ਓਹੋ ਹੀ ਹੋ ਨਾ ਜੀ। ਹਾਂ, ਹਾਂ! ਓਹੀ ਤੇ ਹੋ। ਹੋਰ ਦੁਨੀਆਂ ਦਾ ਬੰਦਾ ਕਦੀ ਅਜੇਹਾ ਹੋਯਾ ਏ। ਆਪ ਜੀ ਦੇ ਪ੍ਰਮ ਪਵਿਤ੍ਰ ਦਰਸ਼ਨ ਕਰਕੇ ਮੈਂ ਅੱਜ ਕ੍ਰਿਤਾਰਥ ਹੋ ਗਿਆ ਹਾਂ। ਆਪ ਜੀ ਦਾ ਪ੍ਰਮ ਪਵਿਤ੍ਰ ਨਾਉਂ ਕੀ ਏ ? ਅਤੇ ਹੁਣ ਕਿਸ ਪਾਸੇ ਦੇ ਤਿਆਰੇ ਕੀਤੇ ਹਨ ? ਕਿਧਰੋਂ ਆਏ ਹੋ ? ਅਤੇ ਹੁਣ ਤੱਕ ਕਿਥੇ ਵਿਚਰਦੇ ਰਹੇ ਹੋ ? ਸਾਹਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਸ੍ਰੀ ਮੁਖ ਥੀਂ ਫੁਰਮਾਯਾ -'ਮੇਰੇ ਪਯਾਰੇ ਪ੍ਰੀਤਵਾਨ ਮੈਂ ਓਹੀ ਹਾਂ ਜਿਸਦੀ ਤੂੰ ਅੱਜ ਤੀਕ ਅਰਾਧਨਾਂ ਕਰਦਾ ਆਇਆ ਹੈਂ ਮੈਂ ਓਹੀ ਹਾਂ ਜਿਸਦਾ ਵਰਨਣ ਤੈਂ ਕਰ ਦਿੱਤਾ ਹੈ, ਠੀਕ ਮੇਰਾ ਹੀ ਨਾਉਂ (ਗੁਰੂ) ਗੋਬਿੰਦ ਸਿੰਘ ਹੈ। ਸਾਡਾ ਅਜ ਤੀਕ ਏਸ ਤਰ੍ਹਾਂ ਵਿਚਰਨਾਂ ਇਕ ਗੁਪਤ ਭੇਦ ਸੀ ਜਿਸਦੇ ਪ੍ਰਗਟ ਕਰਨ ਦੀ ਕੋਈ ਲੋੜ ਨਹੀਂ ਅਤੇ ਨਾ ਹੀ ਏਹ ਪੁਛਣਾ ਚਾਹੀਦਾ ਹੀ ਹੈ। ਸਾਰਾਂਸ਼ ਏਹ ਹੈ ਕਿ ਪੰਥ ਦੇ ਉਧਾਰ ਅਤੇ ਸੇਵਕਾਂ ਦੀ ਮੁਕਤੀ ਨਮਿਤ ਹੁਣ ਤੀਕ ਗੁਪਤ ਹੋਇ ਵਰਤੇ ਹਾਂ। ਸੋ ਆਓ ਅੱਜ ਆਪ ਨੂੰ ਗੁਰੂ ਮੰਤਰ ਅਤੇ ਗੁਰਿਆਈ ਦੀ ਸੌਂਪਨਾਂ ਕਰਕੇ ਆਪਣੇ ਪੂਰਵਿਕ (ਪਿਛੇ ਕਥਨ ਕੀਤੇ) ਵਾਕਾਂ ਅਤੇ ਪ੍ਰਤੱਗਯਾ ਨੂੰ ਪੂਰਨ ਕਰੀਏ। ਏਸਦੇ ਨਾਲ ਹੀ ਅਸੀਂ ਏਹ ਭੀ ਸੂਚਿਤ ਕਰ ਦੇਣਾ ਚਾਹੁੰਦੇ ਹਾਂ ਕਿ ਆਪ ਨੂੰ ਗੁਰ-ਮੰਤ੍ਰ ਅਤੇ ਗੁਰਿਆਈ ਦੀ ਸੌਂਪਣਾਂ ਕਰਕੇ ਬਹੁਤ ਸ਼ੀਘਰ ਅਸੀਂ ਭੈਣੀ ਗ੍ਰਾਮ ਵਿੱਚ ਬਾਬੇ ਜੱਸਾ ਸਿੰਘ ਰਾਮਗੜ੍ਹੀਏ ਦੇ ਘਰ ਅਵਤਾਰ ਧਾਰਨ ਕਰਾਂਗੇ ਅਤੇ ਓਸੇ ਚੋਲੇ ਵਿੱਚ ਅਸੀਂ ਆਪਣਾ ਨਾਉਂ ਰਾਮ ਸਿੰਘ ਰਖਾ ਕੇ ਆਪ ਜੀ ਦੇ ਦਰਸ਼ਨ ਕਰਕੇ ਆਪ ਦੇ ਪਾਸੋਂ ਗੁਰਤਾ ਲਵਾਂਗੇ। ਏਨੇ ਬਚਨ ਕਰਨ ਥੀਂ ਪਸ਼ਚਾਤ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰੂ ਬਾਲਕ ਸਿੰਘ ਜੀ ਨੂੰ ਗੁਰ ਮੰਤ੍ਰ ਸੁਣਾ ਦਿੱਤਾ ਅਤੇ ਆਪ ਨੇ ਆਸਨ ਤੇ ਬੈਠਾ ਪੰਜ ਪੈਸੇ ਤੇ ਨਾਰੀਯੇਲ ਰੱਖ ਕੇ ਮੱਥਾ ਟੇਕ ਗੁਰਤਾ ਅਰਪਣ ਕਰਕੇ ਆਪ ਵਿਦਾ ਹੋ ਗਏ।[5] ਗੁਰੂ ਬਾਲਕ ਸਿੰਘ ਜੀ ਕਿੰਨਾ ਚਿਰ ਸਮਾਧੀ ਵਿਖੇ ਸਥਿਤ ਰਹੇ ਅਤੇ ਫਿਰ ਛੋਈ ਆ ਕੇ, ਜੋ ਬਾਰਤਾ, ਗੁਰੂ ਦਰਸ਼ਨ, ਗੁਰ ਮੰਤ੍ਰ ਅਤੇ ਗੁਰਿਆਈ ਦੀ ਬੀਤੀ ਸੀ। ਪਿਤਾ ਜੀ ਨੂੰ ਸਭ ਕਹਿ ਸੁਣਾਈ। ਆਪ ਜੀ ਨੇ ਏਥੇ ਸਰਵਾਲੇ ਅਤੇ

ਛੋਈ ਵਿਖੇ ਬਹੁਤ ਚਿਰ ਨਿਵਾਸ ਕੀਤਾ। ਨਾਮ ਦਾਨ, ਇਸ਼ਨਾਨ ਅਤੇ ਗੁਰ ਸਿਖੀ ਦੀ ਮਰਯਾਦਾ ਮੁੜ ਇਸਥਿਤ ਕੀਤੀ। ਆਪ ਜੀ ਦੇ ਵੱਡੇ ਭਾਈ ਮੰਨਾ ਸਿੰਘ ਜੀ ਨੇ ਹਜਰੋਂ ਵਿਖੇ ਦੁਕਾਨ ਕਰ ਲਈ ਸੀ, ਸੋ ਆਪ ਵੀ ਹਜਰੋਂ ਵਿਖੇ ਹੀ ਜਾ ਪ੍ਰਵੇਸੇ। ਗਯਾਨੀ ਗਯਾਨ ਸਿੰਘ ਜੀ ਨੇ ਇਸਨੂੰ ਇਉਂ ਤਸਦੀਕ ਕਰਦਿਆਂ ਹੋਯਾਂ ਲਿਖਿਆ ਹੈ ਕਿ-

ਸੰਮਤ ਪਚਾਸੀਏ ਮੈਂ ਹਜ਼ਰੋਂ ਗ੍ਰਾਮ ਮਾਂਹਿ
ਭਾਈ ਤਾਹਿਕੇ ਦੁਕਾਨ ਆਇ ਤਹਾ ਜੋ ਕਈ।
ਯਾਹ ਹੇਤ ਬਾਲਕ ਮ੍ਰਗੇਸ ਭੀ ਵਿਸ਼ੇਸ਼ ਤਾਂਹਿ,
ਆਇਕੈ ਦੁਕਾਨ ਕੀਨ ਕ੍ਰਿਤ ਕਰਕੇ ਖਈ।
ਤਾਹਕੇ ਪ੍ਰਤਾਪ ਕਰ ਹਜਰੋਂ ਅਮਾ ਪਵਰ,
ਭਯੋ ਸਮ ਔਧ ਤਰ ਮੰਦਤਾ ਲੈ ਗਈ।
ਭਏ ਲੋਗ ਵਡਭਾਗੀ ਭਗਤੀ ਮੈ ਮਤਿ ਪਾਗੀ,
ਸੰਤ ਸੰਗ ਮਾਹਿ ਜਾਗੀ ਸੰਤ ਸੇਵ ਹੂ ਠਈ।
(ਪੰਥ ਪ੍ਰਕਾਸ਼ ਐਡੀਸ਼ਨ ਦੂਜੀ)

ਆਪ ਜੀ ਦੇ ਹਜ਼ਰੋਂ ਜਾਣ ਨਾਲ ਸਤਿ ਸੰਗ ਦਾ ਪ੍ਰਵਾਹ ਚਲ ਪਿਆ। ਹੁਣ ਆਪ ਜੀ ਦਾ ਸਾਰਾ ਹੀ ਪਰਿਵਾਰ ਹਜਰੋਂ ਰਹਿਣ ਲਗ ਪਿਆ।

## ਹਵਾਲੇ ਅਤੇ ਟਿੱਪਣੀਆਂ

1. (੨੨ ਮਾਘ ਸੰਮਤ ੧੯੮੬) ਸਤਿਜੁਗ ਦੇ ਬਸੰਤ ਨੰਬਰ ਦੇ ਆਪਣੇ 'ਗੁਰ ਅਵਤਾਰ' ਲੇਖ ਵਿਚ ਮੈਂ ਪੰਥ ਪ੍ਰਕਾਸ਼ ਦੇ ਅਧਾਰ ਤੇ ਬਿਨਾਂ ਕਿਸੇ ਸੁਤੰਤ੍ਰ ਖੋਜਦੇ! ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦਾ ਅਵਤਾਰ ਛੋਈ ਨਾਮੀ ਪਿੰਡ ਵਿਖੇ ਲਿਖਿਆ ਸੀ ਪਰ ਓਸ ਤੋਂ ਪਿੱਛੋਂ ਮੈਨੂੰ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਸਬੰਧੀ ਦੋ ਹਸਤ ਲਿਖਤ ਪੁਸਤਕ ਮਿਲੇ, ਏਹਨਾਂ ਵਿਚੋਂ ਇਕ ਸੰਮਤ 1954 ਵਿਚ ਰਾਵਲਪਿੰਡੀ ਦੇ ਭਗਤ (ਬਾਬੇ ਸਾਈਂ ਸਾਹਿਬ) ਦੇ ਖ਼ਾਨਦਾਨ ਵਿਚੋਂ ਭਗਤ ਭਾਈ ਬਿਸ਼ਨ ਦਾਸ ਜੀ ਦਾ ਲਿਖਿਆ ਹੋਯਾ ਹੈ, ਜੋ ਮੇਰੀ ਨਿਗਾਹ ਵਿਚ ਪੰਥ ਪ੍ਰਕਾਸ਼ ਨਾਲੋਂ ਜ਼ਿਆਦਾ ਮਹੱਤਵ ਰੱਖਦਾ ਹੈ, ਕਿਉਂਕਿ ਇਕ ਤੇ ਸਾਂਈ ਜਵਾਹਰ ਜੀ ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਸਮਕਾਲੀਨ (ਹਾਣੀ) ਹੋਏ ਹਨ, ਦੂਜਾ ਸਾਈਂ ਜੀ ਨੂੰ ਸਤਿਗੁਰਾਂ ਦੀ ਹਜ਼ੂਰੀ ਵਿਚ ਰਹਿਣ ਦਾ ਸਮਾਂ ਵੀ ਚੰਗਾ ਮਿਲਿਆ ਹੈ, ਤੀਜੇ ਮੈਂ ਆਪ ਵੀ ਹਜਰੋਂ ਸਾਹਿਬ, ਕੈਮਲਪੁਰ ਸਰਵਾਲਾ ਆਦਿ ਗ੍ਰਾਮਾਂ ਵਿਖੇ ਫਿਰ ਕੇ ਤਸਦੀਕ ਕੀਤੀ ਏ ਨਾਲ ਹੀ ਸਤਿਗੁਰੂ ਜੀ ਦੇ ਪਰਗਟ ਹੋਣ ਦਾ ਸੰਮਤ 1856 ਬਿਕ੍ਰਮੀ ਜੋ ਗਯਾਨੀ ਜੀ ਨੇ ਪੰਥ ਪ੍ਰਕਾਸ਼ ਵਿਚ ਦਿਤਾ ਹੈ, ਸਹੀ ਨਹੀਂ, ਕਿਉਂਕਿ ਮੈਂ ਜਦੋਂ ਇਤਹਾਸਕ ਖੋਜ ਲਈ ਸੰਮਤ 1988 ਵਿਚ, ਕੈਮਲਪੁਰ, ਹਜਰੋਂ ਸਾਹਿਬ ਸਰਵਾਲਾ ਛੋਈ ਆਦਿ ਨਗਰਾਂ ਵਿਚ ਗਿਆ ਸਾਂ ਤਾਂ ਮੈਨੂੰ ਇਕ ਹਸਤ ਲਿਖਤ ਪੁਸਤਕ, ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ਦੇ ਜੀਵਨ ਸਬੰਧੀ ਪ੍ਰਾਪਤ ਹੋਈ ਜਿਸ ਵਿਚ ਸਤਿਗੁਰੂ ਜੀ ਦਾ ਅਵਤਾਰ ਸੰਮਤ 1841 ਬਿਕ੍ਰਮੀ ਸਰਵਾਲੇ ਵਿਖੇ ਹੋਯਾ ਲਿਖਿਆ ਹੈ ਜੋ ਦੂਜੇ ਲੇਖਕਾਂ ਨਾਲੋਂ ਵਧੇਰੇ ਪ੍ਰਮਾਣੀਕ ਅਤੇ ਸਹੀ ਹੈ। ਏਸ ਵੇਲੇ ਕੈਮਲਪੁਰ ਵਿਚ ਸਤਿਗੁਰੂ ਬਾਲਕ ਸਿੰਘ ਜੀ ਦੇ ਚਾਚੇ ਦੇ ਪੁੱਤਰ ਭਾਈ ਨਿਹਾਲ ਸਿੰਘ ਜੀ ਦੇ ਸਪੁਤ੍ਰ ਭਾਈ ਭਾਗ ਸਿੰਘ ਜੀ ਮੌਜੂਦ ਹਨ ਜੋ ਸਤਿਗੁਰਾਂ ਦੇ ਹਜਰੋਂ ਚਲੇ ਜਾਣ ਪਿੱਛੋਂ ਓਸੇ ਮੁਸਤ੍ਰਕਾ ਮਕਾਨ ਸਰਵਾਲੇ ਵਿਚ ਹੀ ਰਹੇ ਪਰ ਹੁਣ ਕੁਝ ਅਰਸੇ ਤੋਂ ਸਰਵਾਲਾ ਛਡਣ ਤੇ ਓਸ ਮਕਾਨ ਦੀ ਜ਼ਮੀਨ ਪਿੰਡ ਦੇ ਮਾਲਕਾਂ ਦੇ ਕਬਜ਼ੇ ਵਿਚ ਆਈ ਹੋਈ ਹੈ ਏਹ ਥਾਂ ਅੱਜ ਤੀਕ ਭਾਈ ਸਾਹਿਬ ਜੀ (ਸਤਿਗੁਰੂ ਬਾਲਕ ਸਿੰਘ ਜੀ) ਦੇ ਘਰ ਦੇ ਨਾਉਂ ਤੋਂ ਪੁਕਾਰਿਆ ਜਾਂਦਾ ਹੈ ਜਿਸਨੂੰ ਓਸ ਪਿੰਡ ਦੇ ਬਿਰਧ ਮੁਸਲਮਾਨ ਪ੍ਰਵਾਨ ਕਰਦੇ ਹੋਏ ਤਸਦੀਕ ਕਰਦੇ ਹਨ। ਇਹ ਪਿੰਡ ਸਾਰਾ ਮੁਸਲਮਾਨਾਂ ਦਾ ਹੈ ਏਥੇ ਕੱਲਾ ਘਰ ਗੁਰੂ ਜੀ ਦਾ ਹੀ ਸਿਖਾਂ ਦਾ ਸੀ)

2. ਜਿਸ ਹਸਤ ਲਿਖਤ ਜਨਮ ਸਾਖੀ ਦਾ ਜ਼ਿਕਰ ਅਸੀਂ ਪਿਛੇ ਕਰ ਆਏ ਹਾਂ ਏਸ ਜਨਮ ਸਾਖੀ ਵਿਚ ਲਿਖਿਆ ਹੈ ਕਿ :-ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਕੌਤਕ ਰਚਾਨ ਸਮੇਂ ਸਿਖਾਂ ਅਰਜ ਕੀਤੀ, "ਜੀ ਸਚੇ ਪਾਤਸ਼ਾਹ ਜੀ ਨਾਮ ਦੇਨ ਵਾਲਾ ਕੇਹੜਾ ਗੁਰੂ ਹੋਸੀ। ਜੇਹੜਾ ਸਾਨੂੰ ਰਸਤੇ ਪਾਸੀ ਤੇ ਗੁਰੂ ਗ੍ਰੰਥ ਸਾਹਿਬ ਜੀ ਦਾ ਭੇਦ ਸਮਝਾਸੀ ਅਤੇ ਸਾਡੇ ਪਾਪੀ ਜੀਵਾਂ ਦਾ ਉਧਾਰ ਕਰਸੀ, ਤਾਂ ਦਸਮੇ ਪਾਤਸ਼ਾਹ ਕਹਿਆ 'ਸਿਖੋ ਸੁਣੋ ਦਸਨਾਂ ਨਹੀਂ ਸੀ, ਪਰ ਤੁਸੀਂ ਪੁਛਿਆ ਹੈਵੇ, ਹੁਣ ਨਾਮ ਦੇਣ ਵਾਲਾ ਗੁਰੂ ਇਕ ਸ਼ਹਿਰ ਸਰਵਾਲਾ ਹੋਸੀ ਓਸ ਵਿਚ ਅਵਤਾਰ ਧਾਰਸੀ ਤੇ ਭਜਨ ਵੀ ਦੇਸੀ ਕਲ ਭੰਜਨ ਦਾ ਭੰਡਾਰਾ ਓਸਦੇ ਹੱਥ ਹੋਸੀ'

3. ਗੁਰਿੰਡਨਾਮਹ (ਏਹ ਹਸਤ ਲਿਖਤ ਪੁਸਤਕ ਬੜਾ ਪੁਰਾਤਨ ਹੈ ਕਈ ਸਜਨਾਂ ਕੋਲ ਦੇਖੇ ਗਏ ਹਨ, ਏਹ ਪੁਸਤਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਹੈ) ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ ਕਿ: ਜਾਮੇ ਧਾਰੇ ਦਸ ਗੁਰੂ ਨਵਸਤ ਕਲਾ ਸੁਧਾਰ। ਗੁਪਤ ਗਿਆਰ੍ਹਵਾਂ ਖੇਲਸੀ ਕੋਇਕ ਪਾਵੈ ਪਾਰ। ਹੁਣ ਇਕ ਏਹ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਗੁਰੂ

**ਬਾਕੀ ਸਫ਼ਾ 15 'ਤੇ**

# ਅੰਗਰੇਜ਼ ਭਗਤੀ ਦਾ ਦੂਜਾ ਦੌਰ

**ਡਾ. ਅਮਰ ਭਾਰਤੀ (ਸਵ.)**

**"ਜੇ ਸਿੱਖਾਂ ਨੇ ਉਸ ਦਿਨ ਅੰਗਰੇਜ਼ਾਂ ਦਾ ਸਾਥ ਨਾ ਦਿੱਤਾ ਹੁੰਦਾ ਅਤੇ ਨਵੀਂ ਪੰਜਾਬੀ ਫ਼ੌਜ ਸਮੇਂ ਸਿਰ ਮਦਦ ਲਈ ਨਾ ਪਹੁੰਚ ਗਈ ਹੁੰਦੀ, ਤਾਂ 23 ਜੂਨ, ਸੰਨ 1857 ਨੂੰ ਦਿੱਲੀ ਦੀ ਫ਼ਸੀਲ ਹੇਠਾਂ ਕੰਪਨੀ ਦੀ ਫ਼ੌਜ ਤਬਾਹ ਹੋ ਗਈ ਹੁੰਦੀ, ਅਤੇ ਫਿਰ ਭਾਰਤ ਵਿੱਚ ਅੰਗਰੇਜ਼ਾਂ ਵੱਲੋਂ ਆਪਣੀ ਤਾਕਤ ਕਾਇਮ ਰੱਖ ਸਕਣਾ ਲਗਭਗ ਅਸੰਭਵ ਸੀ।" (ਪੰਡਿਤ ਸੁੰਦਰ ਲਾਲ– ਭਾਰਤ ਮੇਂ ਅੰਗਰੇਜ਼ੀ ਰਾਜ)**

1849 ਵਿੱਚ ਪੰਜਾਬ ਉੱਤੇ ਅੰਗਰੇਜ਼ਾਂ ਨੇ ਕਬਜ਼ਾ ਕਰ ਲਿਆ। ਇਸ ਕਬਜੇ ਤੋਂ ਬਾਅਦ ਅਜੇ ਉਹ ਸੰਭਲ ਕੇ ਰਾਜ-ਪ੍ਰਬੰਧ ਚਲਾਉਣ ਦੇ ਆਹਰ ਪਾਹਰ ਵਿਚ ਹੀ ਸਨ ਕਿ ਹਿੰਦੁਸਤਾਨ ਦੀ ਆਜ਼ਾਦੀ ਦੀ ਭਾਵਨਾ ਨੇ ਅੰਗੜਾਈ ਲਈ। 1857 ਦੇ ਗ਼ਦਰ ਦਾ ਤੂਫ਼ਾਨ ਉਠ ਖਲੋਤਾ, ਹਿੰਦੁਸਤਾਨ ਵਿੱਚ ਫੈਲੇ ਅੰਗਰੇਜ਼ ਹਾਕਮ ਉਸ ਤੂਫ਼ਾਨ ਦੀ ਲਪੇਟ ਵਿੱਚ ਆ ਗਏ। ਪੰਜਾਬ-ਜਿਹੜਾ ਕਿ ਕੁਝ ਸਾਲ ਪਹਿਲਾਂ ਹੀ ਅੰਗਰੇਜ਼ਾਂ ਦੀ ਸਿੱਧੀ ਗੁਲਾਮੀ ਹੇਠ ਆਇਆ ਸੀ- ਉਸ ਨੂੰ ਵੀ ਇਸ ਤੂਫ਼ਾਨ ਨੇ ਘੇਰ ਲਿਆ। ਡਾ. ਗੰਡਾ ਸਿੰਘ ਜੀ ਵੱਲੋਂ ਸੰਪਾਦਿਤ ਜੋਧ ਸਿੰਘ ਅਭਿਨੰਦਨ ਗ੍ਰੰਥ 'ਪੰਜਾਬ' ਵਿਚ ਹੀ ਸ. ਕਿਰਪਾਲ ਸਿੰਘ ਨਾਰੰਗ (ਵਾਈਸ ਚਾਂਸਲਰ ਪੰਜਾਬੀ ਯੂਨੀਵਰਸਿਟੀ) '1849 ਤੋਂ 1900 ਤੱਕ', ਲੇਖ ਵਿਚ ਲਿਖਦੇ ਹਨ-

"ਪਰ ਇਨ੍ਹਾਂ ਸਾਰੇ ਪਰਬੰਧਾਂ ਦੇ ਬਾਵਜੂਦ ਪੰਜਾਬ ਵਿੱਚ ਵੀ ਕਈ ਥਾਵਾਂ ਉੱਤੇ, ਜਿਵੇਂ ਕਿ ਫ਼ਿਰੋਜ਼ਪੁਰ, ਲੁਧਿਆਣਾ, ਅੰਬਾਲਾ, ਥਾਨੇਸਰ, ਸਿਆਲਕੋਟ, ਹੋਤੀ ਮਰਦਾਨ, ਪਿਸ਼ਾਵਰ ਅਤੇ ਫਿਲੌਰ ਵਿੱਚ ਗੜਬੜ ਹੋ ਗਈ। ਬ੍ਰਿਗੇਡੀਅਰ ਇੰਨਜ਼ ਨੇ ਜੋ ਕਿ ਫ਼ਿਰੋਜ਼ਪੁਰ ਛਾਉਣੀ ਦਾ ਇਨਚਾਰਜ ਸੀ, ਚੂੰਕਿ ਪੱਕੀ ਕਾਰਵਾਈ ਕਰਨ ਵਿੱਚ ਦੇਰ ਲਾ ਦਿੱਤੀ, ਇਸ ਲਈ ਪੂਰਬੀ ਸਿਪਾਹੀਆਂ ਨੂੰ ਗੜਬੜ ਕਰਨ ਲਈ ਸਮਾਂ ਮਿਲ ਗਿਆ। ਉਨ੍ਹਾਂ ਨੇ ਯੂਰਪੀਨਾ ਦੇ ਬੰਗਲੇ ਅਤੇ ਮਿਸਕੋਟ ਲੁੱਟ ਲਏ ਅਤੇ ਬਰਬਾਦ ਕਰ ਦਿੱਤੇ। ਉਨਾਂ ਕਿਲ੍ਹੇ ਦੇ ਅਸਲ੍ਹਾ-ਖ਼ਾਨੇ ਉੱਤੇ ਕਬਜ਼ਾ ਕਰਨ ਦਾ ਜਤਨ ਕੀਤਾ......।"

ਇਸ ਹਾਲਤ ਵਿਚ ਵੀ ਸੁਭਾਵਕ ਹੀ ਸਿੱਖ ਕੌਮ ਦੇ ਆਗੂਆਂ ਅਤੇ ਖ਼ਾਲਸਾ ਰਾਜ ਦੇ ਬਚੇ-ਖੁਚੇ ਸਰਦਾਰਾਂ ਜਾਂ ਅਸਰ ਰਸੂਖ ਵਾਲੇ ਬੰਦਿਆਂ ਤੋਂ ਇਹ ਆਸ ਹੋਣੀ ਚਾਹੀਦੀ ਸੀ ਕਿ ਉਹ ਸੱਜਰੇ-ਸੱਜਰੇ ਖੁੱਸੇ 'ਖਾਲਸਾ ਰਾਜ' ਨੂੰ ਮੁੜ ਹਾਸਿਲ ਕਰਨ ਲਈ ਜਾਂ ਹਿੰਦੁਸਤਾਨ ਭਰ ਵਿਚ ਫੈਲੀਆਂ ਸਰਗਰਮ ਵਿਦਰੋਹੀ ਸ਼ਕਤੀਆਂ ਨਾਲ ਸਹਿਯੋਗ ਕਰਕੇ ਅੰਗਰੇਜ਼ ਹਾਕਮਾਂ ਤੋਂ ਬਦਲਾ ਲੈਣ ਲਈ ਹੀ ਵਿਦਰੋਹ ਵਿਚ ਜਾਨਦਾਰ ਹਿੱਸਾ ਪਾਉਣ ਅਤੇ ਅੰਗਰੇਜ਼ਾਂ ਨੂੰ ਹਿੰਦੁਸਤਾਨ ਵਿਚੋਂ ਹੀ ਕੱਢ ਦੇਣ।



**ਪ੍ਰਸਿੱਧ ਨਾਮਧਾਰੀ ਲੇਖਕ**

ਉਸ ਵੇਲੇ ਸਾਰੇ ਪੰਜਾਬ ਵਿਚ ਕੇਵਲ 10,500 ਗੋਰੇ ਸਿਪਾਹੀ ਸਨ, ਜਦੋਂ ਕਿ ਉਨਾਂ ਦੇ ਮੁਕਾਬਲੇ ਵਿਚ 58,000 ਦੇਸੀ ਸੈਨਿਕ ਸਨ। ਦਿੱਲੀ ਵਿਚ ਅੰਗਰੇਜ਼ ਬੁਰੀ ਤਰ੍ਹਾਂ ਘਿਰੇ ਹੋਏ ਸਨ, ਓਧਰੋਂ ਪੰਜਾਬ ਦੇ ਗੋਰਿਆਂ ਨੂੰ ਮਦਦ ਮਿਲਣ ਦਾ ਸਵਾਲ ਹੀ ਨਹੀਂ ਸੀ। ਇਸ ਹਾਲਤ ਵਿਚ ਪੰਜਾਬ ਵਿਚ ਛੇ-ਛੇ ਦੇਸੀ ਸਿਪਾਹੀਆਂ ਦੇ ਹਿੱਸੇ ਇਕ-ਇਕ ਗੋਰਾ ਸਿਪਾਹੀ ਆਉਂਦਾ ਸੀ, ਜੇ ਉਹ ਅੰਗਰੇਜ਼ਾਂ ਦੇ ਰਾਜ ਦਾ ਸਦਾ ਲਈ ਖ਼ਾਤਮਾ ਕਰਨਾ ਚਾਹੁੰਦੇ ਤਾਂ!

ਪਰ ਪੰਜਾਬ ਦੀ ਬਦਕਿਸਮਤੀ ਕਿ ਉਸ ਦੇ ਸਰਦਾਰਾਂ, ਰਈਸਾਂ ਤੇ ਸਿੱਖ ਰਜਵਾੜਿਆਂ ਨੇ ਉਸ ਵੇਲੇ ਵੀ ਰਣਜੀਤ ਸਿੰਘ ਦੇ ਵੇਲੇ ਤੋਂ ਚੱਲੀ ਆ ਰਹੀ ਅੰਗਰੇਜ਼ ਦੋਸਤੀ ਦੀ ਨੀਤੀ (ਜਿਹੜੀ ਕਿ ਹੁਣ ਗੁਲਾਮੀ ਦੇ ਰੂਪ ਵਿਚ ਪਰਗਟ ਸੀ) ਉਤੇ ਹੀ ਅਮਲ ਕੀਤਾ। ਉਨਾਂ ਨੇ ਆਜ਼ਾਦੀ ਲਈ ਸੰਗਰਾਮ ਕਰਨ ਵਾਲਿਆਂ ਦੀ ਥਾਂ ਉਨਾਂ ਦੇ ਖ਼ਿਲਾਫ਼ ਅੰਗਰੇਜ਼ਾਂ ਦੀ ਖੁੱਲ੍ਹ ਕੇ ਮਦਦ ਕੀਤੀ ਅਤੇ ਇਸ ਮਦਦ ਦਾ ਹੀ ਇਹ ਫਲ ਫਲਿਆ ਕਿ ਅੰਗਰੇਜ਼ ਨੱਬੇ ਸਾਲ ਹੋਰ ਹਿੰਦੁਸਤਾਨ ਨੂੰ ਅਤੇ ਦੁਨੀਆਂ ਭਰ ਦੀਆਂ ਕਮਜ਼ੋਰ ਕੌਮਾਂ ਨੂੰ ਗੁਲਾਮ ਬਣਾ ਕੇ ਰੱਖ ਸਕੇ।

ਸ. ਕਿਰਪਾਲ ਸਿੰਘ ਨਾਰੰਗ ਲਿਖਦੇ ਹਨ- "ਗਦਰ ਨੂੰ ਦੱਬਣ ਲਈ ਅੰਗਰੇਜ਼ਾਂ ਦੀ ਮਦਦ ਕਰਨ ਵਾਸਤੇ, ਪਟਿਆਲਾ, ਜੀਂਦ ਅਤੇ ਨਾਭੇ ਦੇ ਮਹਾਰਾਜਿਆਂ ਨੇ ਆਪਣੀਆਂ ਫ਼ੌਜਾਂ ਦੀ ਕਮਾਨ ਆਪ ਕੀਤੀ।

ਸਾਰੇ ਗ਼ਦਰ ਦੇ ਸਮੇਂ ਦਿੱਲੀ ਨੂੰ ਗ਼ਦਰੀਆਂ ਦੇ ਹਥੋਂ

ਮੁੜ ਜਿੱਤਣ ਲਈ ਪੰਜਾਬ ਫ਼ੌਜਾਂ ਦਾ ਜ਼ਖੀਰਾ ਬਣਿਆ ਰਿਹਾ। ਪੰਜਾਬ ਨੇ ਗੋਰਿਆਂ ਦਾ ਮੁਕਾਬਲਾ ਕਰਨ ਲਈ ਅੰਗਰੇਜ਼ਾਂ ਨੂੰ 35,000 ਫ਼ੌਜ ਭੇਜਣ ਤੋਂ ਬਿਨਾਂ ਕਈ ਹੋਰ ਤਰੀਕਿਆਂ ਨਾਲ ਵੀ ਕਾਮਯਾਬੀ ਲਈ ਸਹਾਇਤਾ ਦਿੱਤੀ। ਪੰਜਾਬ ਤੋਂ ਭੇਜੇ ਗਏ ਜਰਨੈਲਾਂ ਨੇ ਹੀ ਆਖ਼ਿਰ ਦਿੱਲੀ ਦੇ ਗ਼ਦਰੀਆਂ ਉਤੇ ਜਿੱਤ ਪ੍ਰਾਪਤ ਕੀਤੀ।

ਇਸੇ ਤਰ੍ਹਾਂ ਜਦੋਂ 6 ਫ਼ੀਸਦੀ ਕਰਜ਼ਾ ਜਮ੍ਹਾਂ ਕਰਨ ਲਈ ਅਪੀਲ ਕੀਤੀ ਗਈ ਤਾਂ ਪੰਜਾਬ ਨੇ ਉਸ ਵਿਚ 4 ਲੱਖ ਰੁਪਿਆ ਪਾਇਆ। ਕਮਾਂਡਰ-ਇਨ ਚੀਫ਼ ਜਨਰਲ ਵਿਲਸਨ ਨੇ 1857 ਦੇ ਸੰਕਟ ਵਿਚ ਅੰਤਿਮ ਕਾਮਯਾਬੀ ਵਿਚ ਪੰਜਾਬ ਦੀ ਦੇਣ ਨੂੰ ਸਾਫ਼ ਮੰਨਿਆ ਹੈ।

......... ਇਹ ਠੀਕ ਹੈ ਕਿ ਅੰਗਰੇਜ਼ਾਂ ਨੇ ਸਿੱਖਾਂ ਵਲੋਂ ਕੀਤੀ ਗਈ ਸਹਾਇਤਾ ਦੀ ਕਦਰ ਕੀਤੀ ਅਤੇ ਜੱਦ ਪੰਜਾਬ ਵਿੱਚ ਹੋਰ ਪਲਟਨਾਂ ਖੜੀਆਂ ਕੀਤੀਆਂ ਗਈਆਂ ਤਾਂ ਉਨ੍ਹਾਂ ਵਿੱਚ ਬਹੁਤੀ ਗਿਣਤੀ ਸਿੱਖਾਂ ਵਿੱਚੋਂ ਹੀ ਭਰਤੀ ਕੀਤੀ ਗਈ।

ਪਰ ਇਹ ਗੱਲ ਨਹੀਂ ਭੁੱਲਣੀ ਚਾਹੀਦੀ ਕਿ ਉਨ੍ਹਾਂ ਵੱਲੋਂ ਅੰਗਰੇਜ਼ਾਂ ਦੇ ਪੱਖ ਪੂਰਨ ਅਤੇ ਅਖ਼ੀਰ ਅੰਗਰੇਜ਼ਾਂ ਦੀ ਜਿੱਤ ਨੇ ਖ਼ਾਲਸੇ ਦੇ ਅਧੀਨ ਦਰਜੇ ਨੂੰ ਪੱਕਾ ਕਰ ਦਿੱਤਾ ਜੋ ਕਿ ਪੰਜਾਬ ਉਤੇ ਕਬਜ਼ੇ ਨਾਲ ਹੋਇਆ ਸੀ।

"...... ਬਹੁਤੇ ਸਿੱਖ ਸਰਦਾਰ ਜੋ ਇਕੋ ਵੇਲੇ ਅੰਗਰੇਜ਼ਾਂ ਦੇ ਵਿਰੁਧ ਭਾਵ ਰਖਦੇ ਸਨ, ਮਨਾਏ ਜਾ ਚੁੱਕੇ ਸਨ। ਉਨ੍ਹਾਂ ਨੂੰ ਜ਼ਮੀਨਾਂ ਅਤੇ ਪੈਨਸ਼ਨਾਂ ਮਿਲ ਗਈਆਂ ਸਨ। ਇਸ ਲਈ ਉਹ ਇਕ ਉਪੱਦਰ ਖੜਾ ਕਰ ਕੇ ਆਪਣੇ ਅਮਨ ਅਤੇ ਟਿਕੀ ਹੋਈ ਮਾਲੀ ਹਾਲਾਤ ਨੂੰ ਉਲਟਾਉਣ ਅਤੇ ਖ਼ਰਾਬ ਕਰਨ ਲਈ ਤਿਆਰ ਨਹੀਂ ਸਨ।

...... ਸਿੱਖ ਫੌਜਾਂ ਨੂੰ ਤੋੜਨ ਪਿਛੋਂ ਲਾਰੈਂਸ ਭਰਾਵਾਂ ਨੇ ਸਿੱਖਾਂ ਦੀਆਂ ਪੰਜ ਪਲਟਣਾਂ ਮੁੜ ਖੜੀਆਂ ਕਰ ਦਿੱਤੀਆਂ ਸਨ, ਨਾਲੇ ਜੌਨ ਲਾਰੈਂਸ ਨੇ ਸਿੱਖ ਸਿਪਾਹੀਆਂ ਦੇ ਆਪਣੀਆਂ ਜ਼ਮੀਨਾਂ ਉੱਤੇ ਜੱਦੀ ਹੱਕ ਪ੍ਰਵਾਨ ਕਰ ਲਏ ਸਨ। ਗ੍ਰਾਂਟਾਂ ਅਤੇ ਧਰਮਾਰਥ ਸਿੱਖ ਗੁਰਦੁਆਰਿਆਂ ਲਈ ਪੱਕੇ ਕਰ ਦਿੱਤੇ ਸਨ......

ਅੰਗਰੇਜ਼ਾਂ ਨੇ ਇਕ ਖ਼ਾਸ ਕਾਨੂੰਨ ਜਾਰੀ ਕਰ ਦਿੱਤਾ ਸੀ ਜਿਸ ਨਾਲ ਸਿੱਖ ਸਿਪਾਹੀਆਂ ਲਈ ਸਿੱਖ ਧਰਮ ਅਨੁਸਾਰ, ਦਾੜ੍ਹੀ ਕੇਸ ਰੱਖਣ ਅਤੇ ਤਿਆਰ-ਬਰ-ਤਿਆਰ ਰਹਿਣਾ ਜ਼ਰੂਰੀ ਸੀ। ਇਨ੍ਹਾਂ ਸਾਰੀਆਂ ਚੀਜ਼ਾਂ ਨੇ ਸਣੇ ਉਨਾਂ ਦੀ ਚੰਗੀ ਹਕੂਮਤ ਦੇ ਅੰਗਰੇਜ਼ਾਂ ਨੂੰ ਸਿੱਖਾਂ ਵਿਚ ਹਰਮਨ ਪਿਆਰੇ ਬਣਾ ਦਿੱਤਾ ਸੀ, ਇਸ ਲਈ ਸਿੱਖਾਂ ਨੇ ਔਖੇ ਸਮੇਂ ਅੰਗਰੇਜ਼ਾਂ ਦੀ ਸਹਾਇਤਾ ਕੀਤੀ। ਗੋਰਡਨ ਠੀਕ ਕਹਿੰਦਾ ਹੈ- "ਕਿ ਇਹ ਤਗੜੀ ਨੀਂਹ ਸੀ ਜਿਸ ਉੱਤੇ ਪੰਜਾਬ ਦੇ ਰਾਜ-ਪ੍ਰਬੰਧ ਦੀ ਉਸਾਰੀ ਕੀਤੀ ਗਈ ਸੀ, ਜਿਸ ਨੇ ਅੰਗਰੇਜ਼ਾਂ ਨੂੰ 1857 ਵਿਚ ਇਸ ਧਰਤੀ ਉੱਤੇ ਆਈ ਗੁੱਸੇ ਦੀ ਹਨ੍ਹੇਰੀ ਦਾ ਟਾਕਰਾ ਕਰਨ ਜੋਗਾ ਬਣਾਇਆ।"

ਪੰਜਾਬ ਦੇ ਜੋ ਸਰਦਾਰ ਫ਼ੌਜਾਂ ਵਧਾਉਣ ਵਿਚ ਸਹਾਇਕ ਰਹੇ ਸਨ, ਉਨ੍ਹਾਂ ਨੂੰ ਚੰਗੀ ਤਰਾਂ ਪੁਰਸਕਾਰਿਤ ਕੀਤਾ ਗਿਆ। ਨਾਰਨੌਲ ਡਿਵੀਜ਼ਨ ਮਹਾਰਾਜਾ ਪਟਿਆਲਾ ਨੂੰ ਦੇ ਦਿਤਾ ਗਿਆ। ਨਾਭੇ ਦੇ ਰਾਜੇ ਨੂੰ ਝੱਜਰ ਦੇ ਇਲਾਕੇ ਦਾ ਇਕ ਹਿੱਸਾ ਦੇ ਦਿੱਤਾ ਗਿਆ ਅਤੇ ਜੀਂਦ ਦੇ ਰਾਜੇ ਨੂੰ ਦਾਦਰੀ ਦਾ ਇਲਾਕਾ। ਇਸੇ ਤਰ੍ਹਾਂ ਕਪੂਰਥਲਾ ਅਤੇ ਕਸ਼ਮੀਰ ਦੇ ਰਾਜਿਆਂ ਨੂੰ ਵੀ ਇਨਾਮ ਦਿੱਤੇ ਗਏ।

......ਐਪਰ ਉਸਦਾ (ਜੌਨ ਲਾਰੰਸ) ਸਭ ਤੋਂ ਵੱਡਾ ਕੰਮ ਹੈ ਕਿ ਉਸ ਨੇ ਪੰਜਾਬ ਨੂੰ ਇਸ ਤਰ੍ਹਾਂ ਸ਼ਾਂਤ ਕੀਤਾ ਕਿ 1857 ਵਿੱਚ ਕੇਵਲ ਪੰਜਾਬ ਵਿਚ ਹੀ ਅਮਨ ਕਾਇਮ ਨਾ ਰਿਹਾ, ਸਗੋਂ ਬਾਕੀ ਦੇਸ਼ ਵਿਚ ਭੀ ਅਮਨ ਕਾਇਮ ਕਰਨ ਲਈ ਇਸ ਨੇ ਹਰ ਤਰ੍ਹਾਂ ਫੌਜੀ ਸਹਾਇਤਾ ਦਿੱਤੀ...।[1]

ਪੰਡਿਤ ਸੁੰਦਰ ਲਾਲ ਜੀ 'ਸਿੱਖ ਸਰਦਾਰਾਂ ਦੀ ਸੁਸਤੀ ਅਤੇ ਕਾਇਰਤਾ' ਦੇ ਸਿਰਲੇਖ ਹੇਠ ਲਿਖਦੇ ਹਨ- "... ਸਮਰਾਟ ਬਹਾਦੁਰ ਸ਼ਾਹ ਤੇ ਕ੍ਰਾਂਤੀ ਦੇ ਸਾਰੇ ਆਗੂਆਂ ਨੇ ਸਿੱਖਾਂ ਅਤੇ ਸਿੱਖ ਰਾਜਿਆਂ ਨੂੰ ਆਪਣੇ ਵੱਲ ਕਰਨ ਦੇ ਬਹੁਤ ਯਤਨ ਕੀਤੇ, ਪਰ ਉਨ੍ਹਾਂ ਨੂੰ ਸਫ਼ਲਤਾ ਨਾ ਮਿਲ ਸਕੀ। ਬਹਾਦੁਰ ਸ਼ਾਹ ਨੇ ਆਪਣਾ ਇਕ ਵਿਸ਼ੇਸ਼ ਦੂਤ, ਤਾਜੁਦੀਨ, ਪਟਿਆਲਾ, ਨਾਭਾ ਅਤੇ ਜੀਂਦ ਦੇ ਰਾਜਿਆਂ ਤੇ ਦੂਸਰੇ ਸਿੱਖ ਸਰਦਾਰਾਂ ਵੱਲ ਭੇਜਿਆ, ਸਿੱਖ ਸਰਦਾਰਾਂ ਨੂੰ ਮਿਲਣ ਤੋਂ ਬਾਅਦ ਤਾਜੁੱਦੀਨ ਨੇ ਸਮਰਾਟ ਨੂੰ ਇਕ ਚਿੱਠੀ ਲਿਖੀ, ਜਿਸ ਦੇ ਕੁਝ ਵਾਕ ਇੰਜ ਸਨ-

ਪੰਜਾਬ ਦੇ ਸਿੱਖ ਸਰਦਾਰ ਸਭ ਸੁਸਤ ਅਤੇ ਕਾਇਰ ਹਨ। ਇਸ ਗੱਲ ਦੀ ਬੜੀ ਘੱਟ ਆਸ ਹੈ ਕਿ ਉਹ ਇਨਕਲਾਬੀਆਂ ਦਾ ਸਾਥ ਦੇਣ। ਇਹ ਲੋਕ ਫਿਰੰਗੀਆਂ ਦੇ ਹੱਥ ਦੇ ਖਿਡੌਣੇ ਬਣੇ ਹੋਏ ਹਨ। ਮੈਂ ਆਪ ਇਨ੍ਹਾਂ ਨੂੰ ਇਕਾਂਤ ਵਿਚ ਮਿਲਿਆ ਹਾਂ। ਮੈਂ ਉਨਾਂ ਨਾਲ ਗੱਲ-ਬਾਤ ਕੀਤੀ ਅਤੇ ਉਨਾਂ ਦੇ ਸਾਹਮਣੇ ਆਪਣਾ ਕਲੇਜਾ ਪਾਣੀ ਕਰ ਦਿੱਤਾ। ਮੈਂ ਉਨਾਂ ਨੂੰ ਆਖਿਆ- ਤੁਸੀਂ ਫਿਰੰਗੀਆਂ ਦਾ ਸਾਥ ਕਿਉਂ ਦੇਂਦੇ ਓ ਅਤੇ ਮੁਲਕ ਦੀ ਆਜ਼ਾਦੀ ਨਾਲ ਵਿਸਾਹਘਾਤ ਕਿਉਂ ਕਰਦੇ ਓ ? ਕੀ ਸ੍ਵੈਰਾਜ ਵਿੱਚ ਤੁਸੀਂ ਇਸ ਤੋਂ ਚੰਗੇ ਨਾ

ਰਹੋਗੇ? ਇਸ ਲਈ ਘੱਟੋ-ਘੱਟ ਆਪਣੇ ਫਾਇਦੇ ਲਈ ਹੀ ਤੁਹਾਨੂੰ ਦਿੱਲੀ ਦੇ ਬਾਦਸ਼ਾਹ ਦਾ ਸਾਥ ਦੇਣਾ ਚਾਹੀਦਾ ਹੈ! ਇਸ ਤੇ ਉਨ੍ਹਾਂ ਜਵਾਬ ਦਿੱਤਾ - ਵੇਖੋ, ਅਸੀਂ ਸਾਰੇ ਮੌਕੇ ਦੀ ਉਡੀਕ ਵਿਚ ਹਾਂ। ਜਿਉਂ ਹੀ ਸਾਨੂੰ ਸਮਰਾਟ ਦਾ ਹੁਕਮ ਮਿਲੇਗਾ, ਅਸੀਂ ਇਕ ਦਿਨ ਦੇ ਵਿੱਚ-ਵਿੱਚ ਇਨ੍ਹਾਂ ਕਾਫ਼ਰਾਂ (ਅੰਗਰੇਜ਼ਾਂ) ਨੂੰ ਮਾਰ ਸੁਟਾਂਗੇ। ...ਪਰ ਮੇਰਾ ਖ਼ਿਆਲ ਹੈ ਕਿ ਉਨ੍ਹਾਂ ਉੱਤੇ ਬਿਲਕੁਲ ਇਤਬਾਰ ਨਹੀਂ ਕੀਤਾ ਜਾ ਸਕਦਾ।

"ਕੁਝ ਦਿਨਾਂ ਬਾਅਦ ਕੁਛ ਸਵਾਰ ਸਮਰਾਟ ਦਾ ਸੁਨੇਹਾ ਲੈ ਕੇ ਇਨ੍ਹਾਂ ਸਿੱਖ ਰਾਜਿਆਂ ਕੋਲ ਪਹੁੰਚੇ। ਇਸੇ ਦੌਰਾਨ ਲਾਰਡ ਕੈਨਿੰਗ ਅਤੇ ਸਰ ਜਾਨ ਲਾਰੇਂਸ ਦੇ ਤੀਰ ਵੀ ਸਿੱਖ ਰਾਜਿਆਂ ਦੇ ਦਿਲਾਂ ਤੇ ਦਿਮਾਗਾਂ ਉੱਤੇ ਚੱਲ ਚੁੱਕੇ ਸਨ। ਸਿੱਖ ਰਾਜਿਆਂ ਨੇ ਦਿੱਲੀ ਸਮਰਾਟ ਦੇ ਸੁਨੇਹੇ ਦਾ ਨਿਰਾਦਰ ਕੀਤਾ ਅਤੇ ਚਿੱਠੀ ਲਿਆਉਣ ਵਾਲੇ ਸਵਾਰਾਂ ਨੂੰ ਮਰਵਾ ਦਿੱਤਾ।"[2]

ਪੰਡਿਤ ਸੁੰਦਰ ਲਾਲ ਇਸੇ ਪੁਸਤਕ ਵਿਚ ਅੱਗੇ ਚੱਲਕੇ ਲਿਖਦੇ ਹਨ-

"...ਅੰਬਾਲੇ ਅਤੇ ਦਿੱਲੀ ਦੇ ਵਿਚਕਾਰ ਪੰਜਾਬ ਦੀਆਂ ਤਿੰਨ ਵੱਡੀਆਂ ਰਿਆਸਤਾਂ-ਪਟਿਆਲਾ, ਨਾਭਾ ਅਤੇ ਜੀਂਦ ਦੇ ਇਲਾਕੇ ਪੈਂਦੇ ਸਨ। ਜੇ ਇਹ ਤਿੰਨੇ ਰਿਆਸਤਾਂ ਉਸ ਵੇਲੇ ਦੇਸ਼ ਦਾ ਸਾਥ ਦੇਂਦੀਆਂ ਤਾਂ ਇਸ ਵਿਚ ਰੱਤੀ ਭਰ ਵੀ ਸ਼ੱਕ ਨਹੀਂ ਹੋ ਸਕਦਾ ਕਿ ਅੰਗਰੇਜ਼ਾਂ ਲਈ ਦਿੱਲੀ ਨੂੰ ਮੁੜਕੇ ਜਿੱਤ ਸਕਣਾ ਪੂਰੀ ਤਰ੍ਹਾਂ ਅਸੰਭਵ ਹੁੰਦਾ ਅਤੇ ਭਾਰਤ ਦੀ ਧਰਤੀ ਤੋਂ ਅੰਗਰੇਜ਼ੀ ਰਾਜ ਦੀਆਂ ਜੜ੍ਹਾਂ ਅਸਲ ਵਿੱਚ ਉਸ ਵੇਲੇ ਉਖੜ ਕੇ ਦੂਰ ਜਾ ਪਈਆਂ ਹੁੰਦੀਆਂ। ਜੇ ਪਟਿਆਲਾ, ਨਾਭਾ ਅਤੇ ਜੀਂਦ ਨਿਰਪੱਖ ਵੀ ਰਹਿੰਦੇ- ਤਾਂ ਵੀ ਨਤੀਜਾ ਅੰਗਰੇਜ਼ਾਂ ਲਈ ਸ਼ਾਇਦ ਏਨਾ ਹੀ ਨੁਕਸਾਨ-ਦੇਹ ਹੁੰਦਾ। ਪਰ ਜਨਰਲ ਐਨਸਨ ਅਤੇ ਅੰਗਰੇਜ਼ ਰਾਜ, ਦੋਹਾਂ ਦੀ ਖੁਸ਼ਕਿਸਮਤੀ ਨੂੰ ਇਨ੍ਹਾਂ ਤਿੰਨਾਂ ਰਿਆਸਤਾਂ ਨੇ ਹੀ ਉਸ ਸਮੇਂ ਭਾਰਤੀ ਇਨਕਲਾਬੀਆਂ ਵਿਰੁੱਧ ਅੰਗਰੇਜ਼ਾਂ ਨੂੰ ਧਨ, ਜਨ ਅਤੇ ਮਾਲ- ਤਿੰਨਾਂ ਦੀ ਭਰਪੂਰ ਮਦਦ ਦਿੱਤੀ।"[3]

ਇਕ ਬੰਨੇ ਆਪਣੇ ਹੀ ਦੇਸ਼ ਦੇ ਅੰਗਰੇਜ਼-ਭਗਤ ਸਿੱਖਾਂ ਦਾ ਇਹ ਹਾਲ ਸੀ ਅਤੇ ਦੂਸਰੇ ਬੰਨੇ ਬਦੇਸ਼ਾਂ ਵਿਚ ਇਸੇ ਤੋਂ ਬਿਲਕੁਲ ਉਲਟ ਭਾਰਤ ਦੀ ਆਜ਼ਾਦੀ ਦੇ ਇਸ ਸੰਘਰਸ਼ ਵਿਚ ਸਹਾਇਤਾ ਦੇਣ ਦੀ ਉਤਕੰਠਾ ਸੀ। ਇਟਲੀ ਦੇ ਮਹਾਨ ਦੇਸ ਭਗਤ ਗੈਰੀ ਬਾਲਡੀ ਦੇ ਇਸ ਸੁਤੰਤਰਤਾ ਸੰਗ੍ਰਾਮ ਵਿਚ ਦਿਲਚਸਪੀ ਦਾ ਜ਼ਿਕਰ ਕਰਦਿਆਂ ਪੰਡਤ ਸੁੰਦਰ ਲਾਲ ਲਿਖਦੇ ਹਨ-

"ਦੋ ਗੱਲਾਂ ਧਿਆਨ ਰੱਖਣ ਯੋਗ ਹਨ- ਇਨਕਲਾਬ ਦੇ ਦਿਨਾਂ ਵਿੱਚ ਭਾਰਤ ਅੰਦਰ ਇਹ ਆਮ ਅਫ਼ਵਾਹ ਸੀ ਕਿ ਨਾਨਾ ਸਾਹਿਬ ਨੇ ਅੰਗਰੇਜ਼ਾਂ ਵਿਰੁੱਧ ਰੂਸ ਦੇ ਜ਼ਾਰ ਨਾਲ ਕੁਝ ਸੰਧੀ ਕਰ ਲਈ ਹੈ। ਦੂਸਰੀ ਇਹ, ਕਿ ਜਿਨ੍ਹਾਂ ਦਿਨਾਂ ਵਿਚ ਭਾਰਤ ਵਿਚ ਇਨਕਲਾਬ ਜਾਰੀ ਸੀ, ਉਨ੍ਹਾਂ ਦਿਨਾਂ ਵਿਚ ਇਟਲੀ ਦਾ ਪ੍ਰਸਿੱਧ ਦੇਸ਼ ਭਗਤ ਸੈਨਾਪਤੀ ਗੈਰੀ ਬਾਲਡੀ, ਭਾਰਤਵਾਸੀਆਂ ਦੀ ਸਹਾਇਤਾ ਲਈ ਆਪਣੇ ਦੇਸ਼ ਤੋਂ ਫ਼ੌਜ ਅਤੇ ਸਾਮਾਨ ਲਿਆਉਣ ਦੀ ਤਿਆਰੀ ਕਰ ਰਿਹਾ ਸੀ। ਇਟਲੀ ਦੀਆਂ ਅੰਦਰੂਨੀ ਮੁਸ਼ਕਲਾਂ ਤੇ ਬਗ਼ਾਵਤ ਦੇ ਕਾਰਨ ਗੈਰੀ ਬਾਲਡੀ ਨੂੰ ਉਥੋਂ ਛੇਤੀ ਚਲਣ ਦਾ ਮੌਕਾ ਨਾ ਮਿਲ ਸਕਿਆ ਅਤੇ ਜਿਸ ਵੇਲੇ ਗੈਰੀ ਬਾਲਡੀ ਆਪਣੇ ਜਹਾਜ਼ਾਂ ਵਿੱਚ ਸੈਨਾ ਤੇ ਸਾਮਾਨ ਭਰਕੇ ਭਾਰਤੀ ਇਨਕਲਾਬੀਆਂ ਦੀ ਮਦਦ ਲਈ ਆਪਣੇ ਦੇਸ਼ ਤੋਂ ਚੱਲਣ ਲਈ ਤਿਆਰ ਹੋਇਆ, ਉਸੇ ਵੇਲੇ ਪਤਾ ਲੱਗਾ ਕਿ ਭਾਰਤ ਦਾ ਇਨਕਲਾਬ ਸ਼ਾਂਤ ਹੋ ਚੁੱਕਾ ਹੈ। ਗੈਰੀ ਬਾਲਡੀ ਨੇ ਦੁਖ ਨਾਲ ਆਪਣੀ ਸੈਨਾ ਨੂੰ ਜਹਾਜ਼ਾਂ ਤੋਂ ਉਤਾਰ ਲਿਆ।"[4]

ਉਪਰ ਦਿੱਤੇ ਹਵਾਲਿਆਂ ਤੋਂ ਹਰ ਕਿਸੇ ਨੂੰ ਸਪੱਸ਼ਟ ਹੋ ਜਾਏਗਾ ਕਿ ਰਣਜੀਤ ਸਿੰਘ ਦੇ 'ਖਾਲਸਾ ਰਾਜ' ਦੇ ਵਾਰਸਾਂ ਨੇ ਕਿਵੇਂ ਅੰਗਰੇਜ਼-ਦੋਸਤੀ ਦੀਆਂ ਨੀਤੀਆਂ ਨੂੰ ਕਾਇਮ ਰੱਖਿਆ ਅਤੇ ਦ੍ਰਿੜ੍ਹਤਾ ਨਾਲ ਅਮਲ ਵਿਚ ਲਿਆਂਦਾ।

ਪਰ ਇਸ ਤੋਂ ਇਹ ਅੰਦਾਜ਼ਾ ਨਹੀਂ ਲਗਾਣਾ ਚਾਹੀਦਾ ਕਿ ਸਿਖ ਸਾਰੇ ਦੇ ਸਾਰੇ ਹੀ ਅੰਗਰੇਜ਼ਾਂ ਦੇ ਜਾਂ ਹੋਰ ਲੁਟੇਰਿਆਂ, ਕਬਜ਼ਾ ਖੋਰਾਂ ਦੇ ਸਾਥ ਰਹੇ ਹਨ । ਨਹੀਂ ਇਹ ਗੱਲ ਨਹੀਂ। ਇਸ ਤੋਂ ਪਹਿਲਾਂ ਦੇ ਇਕ ਲੰਮੇ ਸਮੇਂ ਤੋਂ ਲਗਾਤਾਰ ਜੰਗਾਂ-ਜੁੱਧਾਂ, ਲੁੱਟ-ਮਾਰ ਤੇ ਕਬਜ਼ਿਆਂ ਨੇ 'ਤਾਕਤ' ਨੂੰ ਹੀ ਮਨਵਾਉਣ ਦੀ ਰੁਚੀ ਪੱਕੀ ਕਰ ਦਿੱਤੀ ਸੀ। ਇਸ ਲਈ ਨਾ ਤੇ ਠੀਕ-ਗਲਤ ਦੀ ਚੋਣ ਦਾ ਸਵਾਲ ਉੱਠਦਾ ਅਤੇ ਨਾ ਹੀ 'ਵਿਵੇਕ ਬੁਧੀ' ਦਾ। ਸਿੱਖ ਅਰਾਜਕਤਾ ਦੇ ਇਕ ਲੰਮੇ ਦੌਰ ਵਿਚੋਂ ਲੰਘ ਕੇ ਆਏ ਸਨ, ਇਸੇ ਦੌਰ ਵਿਚੋਂ ਹੀ ਰਣਜੀਤ ਸਿੰਘ ਦੀ ਸਲਤਨਤ ਨੇ ਜਨਮ ਲਿਆ ਅਤੇ ਇਸ ਦੌਰ ਦੇ ਖਤਮ ਹੋ ਕੇ ਸਥਿਰਤਾ ਆਉਣ ਤੋਂ ਪਹਿਲਾਂ-ਪਹਿਲਾਂ ਹੀ ਅੰਗਰੇਜ਼ ਨੇ ਉਸਤੋਂ ਲਾਭ ਉਠਾ ਲਿਆ।

ਸਿਖਾਂ ਵਰਗੀ ਸ੍ਰੇਸ਼ਟ ਕੌਮ, ਜਿਸਦਾ ਆਰੰਭ ਨਿਰੋਲ ਅਧਿਆਤਮਕ ਅਤੇ ਨੈਤਿਕ ਸ਼ਕਤੀ ਵਿਚੋਂ ਹੋਇਆ ਸੀ, ਉਸਨੂੰ ਜਦੋਂ ਕੇਵਲ ਇਕ ਜਿੱਤ ਦੇ ਨਸ਼ੇ ਦੇ ਅਧੀਨ ਸਦਾ ਹਥਿਆਰ ਚੁੱਕੀ ਹੱਲੇ ਤੇ ਹੱਲਾ ਬੋਲਦਿਆਂ ਲਗਾਤਾਰ ਭਿੜੀ ਜਾਣ ਦੀ ਰੁਚੀ ਦਾ ਸ਼ਿਕਾਰ ਬਣਿਆਂ ਵੇਖਿਆ ਤਦੋਂ ਹੀ ਖਾਲਸਾ ਰਾਜ ਦੀ ਫ਼ੌਜ ਵਿਚ ਰਹਿੰਦਿਆਂ ਹੋਇਆਂ ਗੁਰੂ ਰਾਮ ਸਿੰਘ ਜੀ ਨੇ ਬਾਰ-ਬਾਰ, ਫ਼ਰਮਾਇਆ ਕਿ ਸਿੱਖ ਰਾਜ

ਦਾ ਪਤਨ ਹੋ ਕੇ ਰਹੇਗਾ। ਆਪ ਵੇਖ ਰਹੇ ਸਨ ਕਿ ਨਾਮ ਨੂੰ ਹੀ ਇਹ ਰਾਜ ਸਿੱਖ-ਰਾਜ ਅਤੇ ਸਿੱਖ ਫ਼ੌਜ ਜਾਂ ਖਾਲਸਾ ਫ਼ੌਜ ਹੈ ਪਰ ਅਸਲ ਵਿੱਚ ਨਾ ਇਸ ਵਿੱਚ ਅਧਿਆਤਮਕਤਾ ਜਾਂ ਧਰਮ ਦਾ ਕੋਈ ਅੰਸ਼ ਰਹਿ ਗਿਆ ਹੈ, ਨਾ ਹੀ ਨੈਤਿਕਤਾ ਦਾ ਕੋਈ ਆਧਾਰ। ਨਿਰਾ ਬਾਹੂ-ਬਲ ਤਾਂ ਪਸੂ-ਬਲ ਦਾ ਚਿੰਨ੍ਹ ਹੈ- 'ਜਿਸ ਨੂੰ ਉਸ ਤੋਂ ਵੱਡੇ ਬਾਹੂ-ਬਲ ਵਾਲਾ ਕਦੀ ਵੀ ਤੋੜ ਸਕਦਾ ਹੈ। ਆਪ ਨੇ ਬਾਹੂ-ਬਲ ਜਾਂ ਪਸ਼ੂ-ਬਲ ਦੀ ਪ੍ਰਤੀਕ ਬੰਦੂਕ ਨੂੰ ਨਦੀ ਵਿਚ ਵਗਾਹ ਮਾਰਿਆ ਤੇ ਜਿਸ ਧਰਮ ਅਤੇ ਨੈਤਿਕਤਾ ਦਾ ਪਿਛਲੇ ਸਮੇਂ ਵਿਚ ਖਾਤਮਾ ਹੋ ਚੁੱਕਾ ਸੀ, ਉਸਨੂੰ ਮੁੜ ਸੁਰਜੀਤ ਕਰਨ ਲਈ ਨਿਰੋਲ ਧਰਮ-ਕਰਮ ਦੇ ਖੇਤਰ ਵਿਚ ਆਣ ਪਹੁੰਚੇ।

ਉਸ ਤੋਂ ਛੇਤੀ ਹੀ ਬਾਅਦ ਖਾਲਸਾ ਰਾਜ ਦਮ ਤੋੜ ਗਿਆ। ਗੁਰੂ ਰਾਮ ਸਿੰਘ ਜੀ ਨੇ ਏਨੇ ਚਿਰ ਵਿੱਚ ਅਗਲੇ ਸਮੇਂ ਲਈ ਯੋਜਨਾ ਬਣਾਈ ਉਸ ਨੂੰ ਅਮਲ ਵਿਚ ਲਿਆਉਣ ਲਈ ਜ਼ਰੂਰੀ ਤਿਆਰੀ ਕੀਤੀ, ਅਤੇ ਸੰਨ 1857 ਦਾ ਗ਼ਦਰ ਸ਼ੁਰੂ ਹੋਣ ਤੋਂ ਪਹਿਲਾਂ 12 ਅਪ੍ਰੈਲ ਨੂੰ ਭੈਣੀ ਸਾਹਿਬ ਵਿਚ ਧਰਮ, ਨਿਆਂ, ਸ਼ਾਂਤੀ ਤੇ ਨੈਤਿਕਤਾ ਦਾ ਸਫ਼ੈਦ ਝੰਡਾ ਝੁਲਾਇਆ। ਪੰਜਾਂ ਸਿੰਘਾਂ ਨੂੰ ਖੰਡੇ ਦਾ ਅੰਮ੍ਰਿਤ ਛਕਾ ਕੇ 'ਸੰਤ ਖਾਲਸੇ' ਦੀ ਸਾਜਨਾ ਕੀਤੀ।

ਉਸ ਦਿਨ ਤੋਂ ਸਿੱਖਾਂ ਵਿੱਚ ਬਾਕਾਇਦਾ ਇਕ ਇਹੋ ਜਿਹੀ ਸ਼ਕਤੀ ਦਾ ਮੁੱਢ ਬੱਝਾ ਜਿਹੜੀ ਪਸ਼ੂ-ਬਲ ਉਤੇ ਨਹੀਂ ਸਗੋਂ ਧਰਮ-ਬਲ ਉਤੇ ਖੜੀ ਹੋਈ ਸੀ। ਜਿਹੜੀ ਕੇਵਲ ਬਾਹੂ-ਬਲ ਅੱਗੇ ਝੁਕ ਕੇ ਉਸ ਦੀ ਦਾਸੀ ਨਹੀਂ ਸੀ ਬਣ ਸਕਦੀ ਸਗੋਂ ਧਰਮ ਬਲ ਅੱਗੇ ਝੁਕਦੀ ਸੀ। ਗੁਰੂ ਰਾਮ ਸਿੰਘ ਜੀ ਨੇ ਅੰਗਰੇਜ਼ੀ ਰਾਜ ਵਿਰੁੱਧ ਆਜ਼ਾਦੀ ਦੇ ਸੰਗਰਾਮ ਦਾ ਮੁੱਢ 12 ਅਪਰੈਲ 1857 ਨੂੰ ਬੰਨ੍ਹਕੇ ਅਗਲੇ ਕੰਮਾਂ ਦੀ ਉਹ ਰੂਪ ਰੇਖਾ ਤਿਆਰ ਕਰ ਦਿੱਤੀ, ਜਿਸ ਉਤੇ ਚੱਲ ਕੇ ਬਾਅਦ ਵਿਚ ਦੇਸ਼ ਦੀ ਆਜ਼ਾਦੀ ਦਾ ਸੰਗਰਾਮ ਲੜਿਆ ਗਿਆ।

ਅੰਗਰੇਜਾਂ ਨੂੰ ਇਸ ਕਿਸਮ ਦੀ ਸ਼ਕਤੀ ਨਾਲ ਹਿੰਦੁਸਤਾਨ ਵਿਚ ਪਹਿਲੀ ਵਾਰੀ ਵਾਹ ਪਿਆ, ਜਿਸ ਦਾ ਸੰਚਾਲਣ ਕਿਸੇ ਰਾਜ ਜਾਂ ਰਿਆਸਤ ਦੇ ਕਿਲ੍ਹੇ ਵਿਚੋਂ ਤੋਪਾਂ ਬੰਦੂਕਾਂ ਦੀ ਛਾਂ ਹੇਠ ਖਲੋ ਕੇ ਕੋਈ ਰਾਜਾ ਜਾਂ ਜਰਨੈਲ ਨਹੀਂ ਸੀ ਕਰ ਰਿਹਾ, ਸਗੋਂ ਇਸ ਦਾ ਸੰਚਾਲਣ ਇਕ ਅਧਿਆਤਮਕ ਤੇ ਕਿਰਤੀ ਸ਼ਖ਼ਸੀਅਤ ਕੱਚੀਆਂ ਕੰਧਾਂ ਵਾਲੇ ਇਕ ਸਧਾਰਨ ਜਿਹੇ ਪਿੰਡ ਵਿਚੋਂ ਕਰ ਰਹੀ ਸੀ। ਇਸ ਸੰਚਾਲਕ ਦੇ ਪੈਰੋਕਾਰ ਕੋਈ ਅਸਤਰ-ਸ਼ਸਤਰ ਧਾਰੀ ਤਨਖ਼ਾਹਦਾਰ ਫ਼ੌਜੀ ਨਹੀਂ ਸਨ ਸਗੋਂ ਸਾਧਾਰਨ ਕਿਰਤੀ-ਕਿਰਸਨ ਸਨ। ਇਹ ਕੋਈ ਰਾਜ ਸ਼ਕਤੀ ਨਹੀਂ ਸੀ, ਸਗੋਂ 'ਲੋਕ-ਸ਼ਕਤੀ' ਸੀ।

ਅਤੇ ਇਸ 'ਲੋਕ ਸ਼ਕਤੀ' ਦਾ ਸਾਹਮਣਾ ਕਰਨਾ ਓਨਾ ਸੌਖਾ ਨਹੀਂ ਸੀ। ਉਸ ਲਈ ਅੰਗਰੇਜ਼ਾਂ ਨੂੰ ਵੀ ਲੋਕ-ਖੇਤਰ ਤਕ ਰਸਾਈ ਦੀ ਲੋੜ ਪਈ ਤੇ ਇਸ ਕੰਮ ਲਈ ਉਨ੍ਹਾਂ ਨੇ ਆਪਣੇ ਪੁਰਾਣੇ ਸਿੱਖ ਦੋਸਤਾਂ ਤੋਂ ਮਦਦ ਲਈ।

**ਹਵਾਲੇ**


1. ਕਿਰਪਾਲ ਸਿੰਘ ਨਾਰੰਗ, ਪਟਿਆਲਾ।
2. ਭਾਰਤ ਮੇਂ ਅੰਗਰੇਜ਼ੀ ਰਾਜ, ਪੰਨਾ 866-67
3. ਉਹੀ, ਪੰਨਾ 873
4. ਉਹੀ, ਪੰਨਾ 821


.........................................................

**ਬਾਕੀ ਸਫ਼ਾ 11 ਦੀ**

**ਸ੍ਰੀ ਸਤਿਗੁਰੂ ਬਾਲਕ ਸਿੰਘ ਜੀ ..........**

ਜੀ ਨੇ ਅਰੋੜਿਆਂ ਦੇ ਘਰ ਜਾਮਾਂ ਕਿਉਂ ਧਾਰਨ ਕੀਤਾ ? ਇਸ ਪ੍ਰਸ਼ਨ ਦਾ ਉਤਰ ਸ੍ਰੀ ਗੁਰੂ ਨਾਨਕ ਦੇਵ ਜੀ ਅਜਿਤੇ ਰੰਧਾਵੇ ਨਾਲ ਗੋਸ਼ਟ ਕਰਦਿਆਂ ਹੋਇਆਂ ਆਪ ਹੀ ਦੇ ਗਏ ਹਨ: ਤਾਂ ਅਜਿਤੇ ਰੰਧਾਵੇ ਅਰਦਾਸ ਕੀਤੀ। ਹੇ ਸਚੇ ਪਾਤਸ਼ਾਹ ਜੀ ਫੇਰ ਸਿਖ ਕਿਸਦੀ ਪੈਰੀਂ ਪੈਣਗੇ ਕਿਉਂ ਕਰ ਵਰਤਾਰਾ ਵਰਤੇਗਾ। ਤਾਂ ਬਚਨ ਹੋਇਆ ਭਾਈ ਅਜਿਤਯਾ ਜਿਥੇ ਸਬਦ ਮੇਹਰਵਾਨ ਹੁੰਦਾ ਹੈ ਤਿਥੇ ਹੀ ਬਖਸ਼ੇਗਾ। ਕਿਆ ਘਰ ਕਿਆ ਬਾਹਰ ਆਦਿ ਜੁਗਾਦੀ ਗੁਰੂ ਚੇਲੇ ਦੀ ਹੈ ਤੇ ਬਚਾ ਅਜਿੱਤਯਾ ਤੈਂ ਜੋ ਪੁਛਿਆ ਹੈ ਕਿਉਂ ਵਰਤਾਰਾ ਵਰਤੇਗਾ ਸੋ ਭੀ ਜਦ ਦਸਵਾਂ ਜਾਮਾਂ ਹੋਵੇਗਾ ਗਿਆਰ੍ਹਵਾਂ ਗੁਪਤ ਵਰਤੇਗਾ। (ਜਨਮ ਸਾਖੀ ਭਾਈ ਬਾਲਾ ਸੰਮਤ ੧੯੫੨) ਵਿਚ ਰਾਇ ਸਾਹਬ ਮੁਨਸ਼ੀ ਗੁਲਾਬ ਸਿੰਘ ਦੇ ਛਾਪੇ ਖਾਨੇ ਲਹੌਰ ਵਿਚ ਛਪੀ।

4. ਸੰਮਤ ੧੯੮੮ ਚੇਤ੍ਰ (1931ਈ:) ਮਹੀਨੇ ਜਦੋਂ ਮੈਂ ਇਤਿਹਾਸਕ ਖੋਜ ਵਾਸਤੇ ਏਸ ਅਲਾਕੇ ਵਿਚ ਗਯਾ ਸਾਂ ਤਾਂ ਮੈਨੂੰ ਮੇਰੇ ਕੈਮਲਪੁਰੀ ਸਜਨਾਂ ਨੇ ਏਹ ਸਥਾਨ ਸ਼ਾਸ ਤੌਰ ਤੇ ਦਖਾਯਾ ਸੀ ਜਿਸਦਾ ਦਿਲਕਸ਼ ਨਜ਼ਾਰਾ ਅਜੇ ਵੀ ਮੇਰੀਆਂ ਅੱਖੀਆਂ ਦੇ ਸੌਹੇਂ ਝਲਕਾਰੇ ਮਾਰਦਾ ਪਿਆ ਫਿਰਦਾ ਹੈ। - ਚੱਕ੍ਰਵਰਤੀ

5. ਸ਼ੰਕਾ ਸਮਾਧਾਨਤਾ ਲਈ ਦੇਖੋ 'ਸਤਿਜੁਗ' ਦਾ ਬਸੰਤ ਨੰਬਰ ਸੰਮਤ 1986 ਗੁਰੂ ਪਦ ਪ੍ਰਕਾਸ਼ ਕ੍ਰਿਤ ਸੰਤ ਨਿਧਾਨ ਸਿੰਘ ਜੀ 'ਆਲਿਮ'

# ਇਕ ਹੋਲੇ ਦੀ ਯਾਦ

ਪ੍ਰਿ. ਸ.ਸ. ਅਮੋਲ

**ਪ੍ਰਿ. ਸ.ਸ. ਅਮੋਲ ਪੰਜਾਬ ਦੇ ਉਘੇ ਲੇਖਕ ਸਨ। ਪੰਜਾਬੀ ਅਧਿਆਪਨ, ਪੱਤਰਕਾਰੀ ਅਤੇ ਸਾਹਿਤਕਾਰੀ ਨੂੰ ਆਪ ਦਾ ਸਮੁੱਚਾ ਜੀਵਨ ਸਮਰਪਤ ਰਿਹਾ ਹੈ। ਇਹ ਲੇਖ ਆਪ ਨੇ ਅਜ ਤੋਂ ਲਗਭਗ 85 ਸਾਲ ਪਹਿਲਾਂ ਸ੍ਰੀ ਭੈਣੀ ਸਾਹਿਬ ਦੀ ਯਾਤਰਾ ਸਬੰਧੀ ਲਿਖਿਆ ਸੀ। ਇਹ ਲੇਖ ਇਤਿਹਾਸਕ ਮਹੱਤਤਾ ਵਾਲਾ ਹੈ। ਇਸ ਵਿਚ ਪੁਰਾਣੇ ਨਾਮਧਾਰੀ ਹੋਲੇ ਮਹੱਲੇ ਤੇ ਭੈਣੀ ਸਾਹਿਬ ਦਾ ਦ੍ਰਿਸ਼ ਹੈ।**

**–ਸੰਪਾਦਕ**



ਪ੍ਰਸਿੱਧ ਪੰਜਾਬੀ ਲੇਖਕ

ਜਾਪਦਾ ਹੈ ਕਿ ਪੰਜਾਬੀ ਬੋਲੀ ਵਿਚ ਹੀ ਇਹ ਵਾਧਾ ਹੈ ਕਿ ਇਕ ਲਫਜ਼ ਦੇ ਕਈ ਕਈ ਅਰਥ ਹੋ ਜਾਂਦੇ ਹਨ ਤੇ ਕੁਝ ਜਾਪਦਾ ਹੈ ਕਿ ਮੇਰਾ ਰੱਬ ਭੀ ਗਿਆਨੀ ਪਾਸ ਹੈ। ਜਦ ਉਸਨੇ ਮੈਨੂੰ ਬਣਾਇਆ ਤਾਂ ਬੜਾ ਮਿਹਰਬਾਨ ਹੋ ਕੇ ਪੁੱਛਣ ਲੱਗਾ, ਦੱਸ ਤੈਨੂੰ ਕੀ ਦਿਆਂ? ਮੇਰੇ ਦਿਲ ਵਿਚ ਆਇਆ ਕਿ ਵਕੀਲ ਬਣੀਏ। ਤਾਂ ਉਹ ਕਹਿਣ ਲਗਾ, "ਚੰਗਾ ਤੈਨੂੰ ਵਕੀਲ ਬਣਾਇਆ।" ਮੈਨੂੰ ਹੁਣ ਪਤਾ ਲਗਾ ਹੈ ਖਬਰੇ ਅਰਥ ਹੋਰ ਕੱਢ ਕੇ ਉਹ ਮੈਨੂੰ ਕਚਹਿਰੀ ਦਾ ਵਕੀਲ ਤਾਂ ਨਹੀਂ ਬਣਾਇਆ। ਹਾਂ ਬਹਿਸਣ ਤੇ ਦਲੀਲਾਂ ਦੇਣ ਦੀ ਆਦਤ ਪਾ ਕੇ ਦਿਲਾਂ ਦਾ ਵਕੀਲ ਜ਼ਰੂਰ ਬਣਾ ਛਡਿਆ ਸੂ। ਫਿਰ ਮੈਂ ਕਿਹਾ ਕਿ ਮੈਨੂੰ 'ਕੇਸ' ਬਹੁਤ ਸਾਰੇ ਦੇ ਦੇਈਂ। ਮੇਰਾ ਮਤਲਬ ਸੀ ਕਿ ਮੁਕੱਦਮੇ ਬਹੁਤੇ ਮਿਲਣ ਪਰ ਰੱਬ ਨੇ ਮੈਨੂੰ ਵਾਲ ਹੀ ਮਣਾਂ ਮੂੰਹੀ ਦੇ ਛੱਡੇ। ਫਿਰ ਉਹ ਪੁੱਛਣ ਲਗਾ 'ਹੋਰ ਕੁਝ ਮੰਗ'। ਮੈਂ ਸੋਚੀਂ ਪੈ ਗਿਆ, ਮੈਨੂੰ ਭਗਤ ਨਾਮਦੇਵ ਦੀ ਗੱਲ ਯਾਦ ਆ ਗਈ। ਵਿਚਾਰੇ ਨੇ ਹੂਟੇ ਲੈਣ ਲਈ ਘੋੜੀ ਮੰਗੀ ਸੀ ਪਰ ਚੁੱਕਣ ਵਾਲੀ ਵਛੇਰੀ ਮਿਲੀ ਸੀ। ਸੋ ਮੈਂ ਸੋਚ ਸੋਚ ਕੇ ਸਾਥੀਆਂ ਦੀ ਭੁੱਖ ਤੇ ਪ੍ਰੇਮ ਦੀ ਉਮੰਗ ਵਿਚ "ਪਕੇ ਰੰਗ" ਦੀ ਮੰਗ ਕੀਤੀ ਤਾਂ ਮੈਨੂੰ ਕਾਲਾ ਰੰਗ ਮਿਲ ਗਿਆ ਤੇ ਉਹ ਵੀ ਅਜਿਹਾ ਪੱਕਾ ਕਿ ਸਭ ਦੁਨੀਆਂ ਦੀਆਂ ਕਰੀਮਾਂ ਤੇ ਪਾਉਡਰ ਤੇ ਸਾਬਣ ਰਲਕੇ ਉਸਨੂੰ ਖੁੰਭ ਨਹੀਂ ਚਾੜ ਸਕੇ।

ਭਾਈ ਗੁਰਦਾਸ ਜੀ ਨੇ ਠੀਕ ਹੀ ਲਿਖਿਆ ਹੈ "ਜੇ ਗੁਰ ਭਰਮਾਏ ਸਾਂਗ ਕਰ, ਕਿਆ ਸਿਖ ਵਿਚਾਰਾ।" ਭਾਵੇਂ ਮੈਨੂੰ ਬਥੇਰੇ ਹੱਥ ਲੱਗ ਚੁੱਕੇ ਸਨ ਫਿਰ ਵੀ ਮੈਂ ਭੁਲ ਗਿਆ ਤੇ ਕੁਝ ਅੱਕ ਕੇ ਪਰੇ ਰੱਬ ਨੂੰ ਮੁਸਕੜੀਆਂ ਕਢਦਾ ਵੇਖ ਕੇ ਉਤੋਂ ਉਤੋਂ ਕੁਝ ਹੱਸ ਕੇ ਕਿਹਾ, ਫਿਰ 'ਸਾਧੂ ਸੰਗ' ਹੀ ਦੇ ਦਿਓ। ਉਹ ਹੱਸਦਾ-ਹੱਸਦਾ ਆਖਣ ਲਗਾ 'ਹਾਂ ਬੱਚਾ ਤੂੰ ਸਾਧੂਆਂ ਕੋਲੋਂ ਬਹੁਤ ਸੰਗਿਆ ਕਰੇਂਗਾ।' ਮੇਰੀ ਲਚਾਰੀ ਨੂੰ ਵੇਖ ਉਹ ਖਿੜ ਖਿੜ ਹੱਸ ਪਿਆ। ਮੈਂ ਘਾਬਰੇ ਹੋਏ ਨੇ ਕਿਹਾ, 'ਹੱਛਾ ਫਿਰ ਕੁਝ ਆਪਣੀ ਪ੍ਰੀਤ ਹੀ ਚਾਅ ਦਿਓ ਨਾ।' ਪਤਾ ਨਹੀਂ ਰੱਬ ਨੂੰ ਏਨੇ ਠੱਠੇ ਕਿਥੋਂ ਸੁਝ ਗਏ ਸਨ। ਉਸ ਨੇ ਮੇਰੀ ਅਖੀਰਲੀ ਨਾਂਹ ਨੂੰ ਮੰਨ ਲਿਆ। ਖ਼ਵਰੇ ਇਹੋ ਕਾਰਨ ਹੈ ਕਿ ਮੇਰੇ ਦਿਲ ਵਿਚ ਨਾ ਕਦੇ ਸਾਧੂਆਂ-ਸੰਤਾਂ ਨੂੰ ਮਿਲਣ ਦਾ ਚਾਅ ਉਪਜਿਆ ਹੈ ਤੇ ਨਾ ਰੱਬ ਦੇ ਸਰੀਰ ਦੇ ਦਰਸ਼ਨ ਦੇ ਵਿਛੋੜੇ ਨੇ ਕਲਪਾਇਆ ਹੈ। ਕਿਉਂਕਿ ਰੱਬ ਨੇ ਮੈਨੂੰ ਹਸਦਿਆਂ-ਹਸਦਿਆਂ ਦੋਸਤ ਬਣਾ ਕੇ ਤੋਰਿਆ ਸੀ। ਇਸ ਲਈ ਮੈਂ ਸਦਾ ਹੱਸਣ ਤੇ ਖੇਡਣ ਵਾਲਿਆਂ ਦੇ ਸਾਥ ਦਾ ਹੀ ਭੁੱਖਾ ਰਹਿੰਦਾ ਹਾਂ। ਬਹੁਤੇ ਵੱਡੇ ਤੇ ਗੰਭੀਰ ਉਚੇ ਤੇ ਵਖਰੇ ਰਹਿਣ ਵਾਲਿਆਂ ਕੋਲੋਂ ਮੈਨੂੰ ਡਰ ਤੇ ਸੰਗ ਵੀ ਆਉਂਦੀ ਰਹਿੰਦੀ ਹੈ। ਜੇ ਭਲਾ ਮੈਂ ਉਨਾਂ ਕੋਲ ਚਲਾ ਹੀ ਜਾਵਾਂ ਤਾਂ ਮੈਂ ਕੇਵਲ ਇਹੀ ਵੇਖ ਸਕਦਾ ਹਾਂ ਕਿ ਉਨਾਂ ਦੇ ਅੰਦਰ ਉਹ ਹੱਸਦਾ-ਹੱਸਦਾ ਰੱਬ ਕਿੰਨਾ ਕੁ ਹੈ ਤੇ ਉਹ ਮੇਰੇ ਵਿਚ ਸਮਾਉਣ ਦੀ ਤਾਕਤ ਰਖਣ ਵਾਲਾ ਮਾਲਕ ਕਿੰਨਾ ਕੁ ਹੈ। ਰੋਂਦਾ ਰੋਂਦਾ ਰੋਹਬ ਵਾਲਾ ਤੇ ਵੱਡਾ-ਵੱਡਾ ਵੱਖਰਾ-ਵੱਖਰਾ ਰੱਬ ਮੈਂ ਤਕਿਆ ਹੀ ਨਹੀਂ। ਇਸ ਲਈ ਉਹਨਾਂ ਦੇ ਅੰਦਰ ਹੋਵੇ ਵੀ ਤਾਂ ਮੈਂ ਸਿੰਞਾਣ ਨਹੀਂ ਸਕਦਾ।

ਇਹ ਮੇਰੀ ਪਾਰਖੂ ਸ਼ਕਤੀ ਹੈ। ਇਨ੍ਹਾਂ ਹੀ ਵੱਟਿਆਂ ਨਾਲ ਮੈਂ ਵੱਡੀਆਂ ਹਸਤੀਆਂ ਨੂੰ ਤੋਲਦਾ ਹਾਂ। ਕੋਈ ਵੱਡੀ ਗੱਲ ਨਹੀਂ ਮੇਰੇ ਵੱਟਿਆਂ ਨਾਲੋਂ ਚੀਜ਼ਾਂ ਭਾਰੀਆਂ ਹੋਣ। ਪਰ

ਮੈਂ ਕਰਾਂ ਕੀ? ਮੇਰੇ ਕੋਲ ਹੈ ਹੀ ਇਹੋ। ਹਾਂ, ਇਹ ਹੋ ਸਕਦਾ ਹੈ ਕਿ ਕਿਸੇ ਹਸਤੀ ਨੂੰ ਮੈਂ ਇਨਾਂ ਜਿੰਨਾਂ, ਕਿਸੇ ਨੂੰ ਦੂਣਾਂ ਤੇ ਕਿਸੇ ਨੂੰ ਵੀਹ ਗੁਣਾਂ ਅਟਕਲ ਪੱਚੂ ਕਹਿ ਦਿਆਂ। ਰੂਹਾਂ ਦੇ ਹਿੱਸੇ ਕਰ ਕਰ ਤੋਲਣੇ ਅਸੰਭਵ ਨੇ, ਨਹੀਂ ਤਾਂ ਖਬਰੇ ਪੂਰਾ ਹੀ ਲੇਖਾ ਕੱਢ ਦੇਂਦਾ।

ਅੱਜ ਮੈਂ ਆਪਣੇ ਇਕ ਅਜਿਹੇ ਹੀ ਤਜਰਬੇ ਦਾ ਜ਼ਿਕਰ ਪਾਠਕਾਂ ਨਾਲ ਕਰਨਾ ਹੈ। 'ਚਕਰਵਰਤੀ' ਜੀ ਦੇ ਸਾਹਿਤਕ ਸੁਭਾਅ ਨੇ ਮੈਨੂੰ ਇਹਨਾਂ ਦੇ ਵਧੇਰੇ ਨੇੜੇ ਲਿਆਂਦਾ। ਨਾਮਧਾਰੀਆਂ ਬਾਬਤ ਮੇਰੇ ਦਿਲ ਵਿਚ ਪਏ ਕਈ ਭੁਲੇਖਿਆਂ ਨੂੰ ਇਨ੍ਹਾਂ ਦੇ ਮਿਠੇ ਸੁਭਾਅ ਨੇ ਉਂਜ ਹੀ ਦੂਰ ਕਰ ਛੱਡਿਆ ਤੇ ਕੁਝ ਲਗਨ ਜਿਹੀ ਹੋਈ ਕਿ ਕਦੇ ਭੈਣੀ ਸਾਹਿਬ ਚੱਲ ਕੇ ਇਨਾਂ ਦਾ ਸਤਸੰਗ ਵੇਖੀਏ। ਉਸ ਲਗਨ ਨੂੰ ਉਤਸ਼ਾਹ 'ਚੱਕਰਵਰਤੀ' ਜੀ ਦੇ ਸੱਦੇ ਨੇ ਦਿੱਤਾ। ਵਧੇਰੇ ਖਿੱਚ ਇਹ ਹੋ ਗਈ ਕਿ ਮੇਰੇ ਸਨਮਾਨਯੋਗ ਮਿਤਰ, ਸ. ਚੰਨਣ ਸਿੰਘ ਜੇਠੂਵਾਲੀਏ, ਦੁਖੀ ਜੀ, ਚਾਤ੍ਰਿਕ ਜੀ, ਤੇ ਸਤਿਆਰਥੀ ਜੀ ਭੀ ਜਾ ਰਹੇ ਸਨ। ਅਸੀਂ ਪੰਜੇ ਗੱਡੀ ਚੜ੍ਹ ਬੈਠੇ। ਦੁਖੀ ਜੀ ਦੀਆਂ ਕਵਿਤਾਵਾਂ, ਚਾਤ੍ਰਿਕ ਜੀ ਦੇ ਗੀਤਾਂ ਤੇ ਸਤਿਆਰਥੀ ਜੀ ਦੇ ਨਵੇਂ ਚੁਟਕਲਿਆਂ ਤੇ ਗੀਤਾਂ ਨੇ ਤੇ ਸ. ਚੰਨਣ ਸਿੰਘ ਜੀ ਦੀਆਂ ਸਿਆਣੀਆਂ ਵਿਚਾਰਾਂ ਤੇ ਪੜਚੋਲਾਂ ਨੇ ਗੱਡੀ ਨੂੰ ਭੀ ਕੁਝ ਤੇਜ਼ ਚਲਾ ਛੱਡਿਆ। ਪਤਾ ਹੀ ਨਾ ਲਗਾ ਜਾਂ ਗੱਡੀ ਲੁਧਿਆਣੇ ਪੁੱਜ ਗਈ। ਜੰਕਸ਼ਨ ਦੇ ਫੋਟੋ ਨੇ ਕਹਿ ਦਿਤਾ ਕਿ ਤੁਹਾਡੇ ਪੈਸੇ ਤੇ ਹੂਟਾ ਮੁੱਕ ਗਿਆ ਹੈ। ਅਸੀਂ ਸਾਰੇ ਬਾਹਰ ਆਏ ਤਾਂ ਸਟੇਸ਼ਨ ਦੀ ਡਿਉਢੀ ਦੇ ਅੰਦਰ ਇਕ ਮੋਟਰ ਕਾਰ ਖਲੋਤੀ ਸੀ। ਉਸ ਕੋਲ ਖੜੇ ਗੁਰਮੁਖ ਦੀ ਦਸਤਾਰ ਨੇ ਸਾਨੂੰ ਦੱਸ ਦਿੱਤਾ ਕਿ ਇਹ ਮੋਟਰਕਾਰ ਸਾਨੂੰ ਲੈਣ ਲਈ ਹੀ ਉਚੇਚੀ ਆਈ ਹੈ। ਇਹ ਗੱਲ ਮੈਂ ਇਥੋਂ ਦੋ ਗੱਲਾਂ ਦੱਸਣ ਲਈ ਦੱਸ ਰਿਹਾ ਹਾਂ। ਇਕ ਆਪਣੀ ਸ਼ਾਨ ਤੇ ਦੂਜੀ ਪ੍ਰਾਹੁਣਿਆਂ ਦੀ ਆਉ ਭਗਤ ਦੀ ਉਮੰਗ, ਜੋ ਨਾਮਧਾਰੀ ਦਰਬਾਰ ਦੀ ਇਕ ਖ਼ਾਸ ਖ਼ੂਬੀ ਮੈਨੂੰ ਨਜ਼ਰ ਆਈ ਸੀ। ਇਹ ਹੋਲੇ ਮਹੱਲੇ ਦਾ ਦਿਨ ਸੀ। ਦਸ ਹਜ਼ਾਰ ਤੋਂ ਉਪਰ ਸੰਗਤਾਂ ਭੈਣੀ ਸਾਹਿਬ ਇਕੱਠੀਆਂ ਹੋਈਆਂ ਸਨ। ਉਹਨਾਂ ਦੇ ਲੰਗਰ, ਆਰਾਮ, ਦੀਵਾਨ ਆਦਿ ਦੇ ਸਾਰੇ ਰੁਝੇਵਿਆਂ ਦੇ ਵਿਚ ਇਹ ਫਿਕਰ ਰਹਿਣ ਕੇਵਲ ਉਨ੍ਹਾਂ ਵਾਸਤੇ ਜਿਨਾਂ ਕੱਚੀ ਜਹੀ 'ਹਾਂ' ਆਉਣ ਲਈ ਕੀਤੀ ਹੋਵੇ। 'ਜੋ ਦੀਸੈ ਗੁਰ ਸਿਖੜਾ ਤਿਸ ਨਿਵ ਨਿਵ ਲਾਗਉ ਪਾਇ ਜੀਉ' ਦੇ ਅਸੂਲ ਦੀ ਬਹੁਤ ਵਧੇ ਹੋਏ ਅਰਥਾਂ ਤੱਕ ਪਾਲਣਾ ਹੈ। ਇਸ ਨਿੱਕੀ ਜਿਹੀ ਗੱਲ ਨੇ (ਜੇ ਇਸ ਨੂੰ ਨਿਕੀ ਜਿਹੀ ਕਿਹਾ ਜਾ ਸਕਦਾ ਹੈ) ਮੇਰਾ ਮਨ ਖਰੀਦ ਲਿਆ।

ਮੋਟਰ ਨੇ ਸਾਨੂੰ ਅਧੇ ਘੰਟੇ ਵਿਚ ਹੀ ਭੈਣੀ ਸਾਹਿਬ ਦੇ ਕੋਲ ਜਾ ਪਹੁੰਚਾਇਆ। ਕਈ ਤੰਬੂ ਬਾਹਰ ਲਗੇ ਹੋਏ ਸਨ। ਲਾਰੀਆਂ ਤੇ ਮੋਟਰਾਂ, ਟਾਂਗੇ ਤੇ ਯੱਕੇ, ਵੇਖਦਿਆਂ ਹੀ ਅੱਟਾ ਸੱਟਾ ਲੱਗ ਜਾਂਦਾ ਸੀ ਕਿ ਇਥੇ ਤਾਂ ਜੰਗਲ ਵਿਚ ਮੰਗਲ ਲੱਗਾ ਹੋਇਆ ਹੈ।

ਏਥੇ ਮੇਰੇ ਪਾਸ ਵੇਲਾ ਨਹੀਂ ਕਿ ਪਾਠਕਾਂ ਨੂੰ ਭੈਣੀ ਸਾਹਿਬ ਤੇ ਉਸ ਗੁਰਮਖੀ ਮੇਲੇ ਦੇ ਪੂਰੇ ਦਰਸ਼ਨ ਕਰਾ ਸਕਾਂ। ਸਚ ਮੁਚ 'ਕਹਿਬੇ ਕੋ ਸੋਭਾ ਨਹੀਂ ਦੇਖੀ ਹੀ ਪਰਵਾਨ' ਵਾਲੀ ਗੱਲ ਹੈ। ਹਰ ਚੀਜ਼ ਬੜੀ ਸਾਦੀ, ਬੜੀ ਸਸਤੀ, ਪਰ ਬੜੀ ਸਾਫ ਤੇ ਸੋਹਣੀ ਤੇ ਡੂੰਘੀ ਨਜ਼ਰ ਆਉਂਦੀ ਸੀ। ਕਿਸੇ ਪਿਆਰ ਵਾਲੇ ਹਥਾਂ ਨਾਲ ਬਣੀਆਂ ਕੁਟੀਆਂ, ਭਜਨ ਕਰਨ ਵਾਲੇ ਕੋਠੇ, ਟਸਰ ਦੇ ਕਾਰਖਾਨੇ ਦੀਆਂ ਖੱਡੀਆਂ ਤੇ ਇਮਾਰਤਾਂ। ਛਾਪਾਖਾਨਾ, ਅਖ਼ਬਾਰ ਸਤਿਜੁਗ ਦਾ ਦਫਤਰ, ਵਿਦਿਆਲਾ ਤੇ ਉਸਦੇ ਉਤੇ ਚਿਤਰਸ਼ਾਲਾ, ਲੰਗਰ ਤੇ ਮਹਾਰਾਜ ਦਾ ਨਿਵਾਸ ਅਸਥਾਨ, ਸਭਨਾ ਕਚਿਆਂ ਤੇ ਪੁਰਾਣਿਆਂ ਪਰ ਸਾਫ ਲਿਸ਼ਕਦੇ ਕੋਠਿਆਂ ਵਿਚੋਂ ਪਿਆਰ, ਸ਼ਰਧਾ ਤੇ ਰੀਝ ਦੀ ਉਹੀ ਲਪਟ ਤੇ ਰਸੀਲੀ ਮਸਤੀ ਫੁਟਦੀ ਭਾਸਦੀ ਸੀ ਜੋ ਉਥੇ ਫਿਰ ਰਹੇ ਗੁਰਮੁਖਾਂ ਦੇ ਗਲ ਪਏ ਖਦਰ ਦੀਆਂ ਤੰਦਾਂ ਵਿਚ ਸੂਤਰ ਕਤਦਿਆਂ ਘਰਾਂ ਦੀਆਂ ਸਵਾਣੀਆਂ ਨੇ ਭਰੀ ਹੋਈ ਸੀ। ਕੋਈ ਚਿਹਰਾ ਮੁਰਝਾਇਆ ਹੋਇਆ ਨਹੀਂ ਸੀ। ਕੋਈ ਸ਼ੱਕੀ ਨਜ਼ਰ ਨਹੀਂ ਸਨ। ਕੋਈ ਘਿਰਣਾ ਤੇ ਆਕੜ ਭਰਿਆ ਵਖੇਵਾ ਨਹੀਂ ਸੀ। ਸੇਠ ਗੁਰਮੁਖ ਸਿੰਘ ਜੀ ਜਿਹੇ ਕ੍ਰੋੜਾਪਤੀ ਤੇ ਉਹਨਾਂ ਦੇ ਟੱਬਰ ਤੇ ਜਵਾਈ, ਚਕਰਵਰਤੀ ਜੀ ਤੇ ਆਲਮ ਜੀ ਜਿਹੇ ਵਿਦਵਾਨ, ਵਿਦਿਆਲੇ ਦੇ ਅਧਿਆਪਕ ਜੀ ਜਿਹੇ ਗੁਣੀ ਤੇ ਚਿਤਰਕਾਰ, ਸਾਧਾਰਣ ਪੇਂਡੂ ਸਿਖਾਂ ਨਾਲ ਇਕ ਮਿਕ ਹੋਏ ਦਿਸਦੇ ਸਨ। ਹਰ ਇਕ ਲਈ ਦੂਸਰਾ 'ਸੰਤ ਜੀ ਮਹਾਰਾਜ' ਸੀ। ਹਰ ਇਕ ਦਾ ਸੀਸ ਦੂਸਰੇ ਦੇ ਚਰਨਾਂ ਦੇ ਝੁਕਣ ਲਈ ਤਿਆਰ ਸੀ। ਚਿਹਰੇ 'ਤੇ ਸਾਦਗੀ ਤੇ ਸਵੱਛਤਾ ਸੀ। ਸਰੀਰਾਂ ਵਿਚ ਖ਼ੂਨ ਸੀ, ਬੁਲ੍ਹਾਂ ਵਿਚ ਕੁਝ ਫੁਰਕਦਾ ਸੀ ਤੇ ਚਾਲ ਵਿਚ ਮਸਤੀ ਪ੍ਰੇਮ ਅਤੇ ਅਮਿੱਟ ਚਾਅ ਸੀ।

ਸਾਨੂੰ ਵਿਦਿਆਲੇ ਦੀ ਉਤਲੀ ਛੱਤੇ ਚਿਤਰਸ਼ਾਲਾ ਵਿਚ ਨਿਵਾਸ ਦਿੱਤਾ ਗਿਆ। ਡਾਢੇ ਸਾਫ ਬਿਸਤਰੇ 'ਤੇ ਮੰਜੇ ਸਾਨੂੰ ਮਿਲ ਗਏ ਤੇ ਖਾਲਸ ਘਿਉ ਦੀਆਂ ਜਲੇਬੀਆਂ ਤੇ ਦੁਧ ਨਾਲ ਅਸਾਂ ਲੌਢਾ ਵੇਲਾ ਕੀਤਾ। ਪੁਰਾਣੇ ਰਿਸ਼ੀ ਬਾਲਕਾਂ ਵਾਂਗ ਵਿਦਿਆਲੇ ਦੇ ਬਾਲਕਾਂ ਲਈ ਖੁਰਾਕ ਡਾਢੀ ਸਾਦੀ ਪਰ ਸਾਫ਼

ਸੀ। ਸਭ ਨੇ ਖਾਲਸ ਖਦਰ ਦੇ ਚੋਲੇ ਪਾਏ ਹੋਏ ਸਨ। ਉਨਾਂ ਬੱਚਿਆਂ ਦੇ ਨਾਲ ਹੀ ਮਹਾਰਾਜ ਪ੍ਰਤਾਪ ਸਿੰਘ ਜੀ ਦੇ ਦੋ ਲਾਲ ਭੀ ਸਨ। ਉਹ ਵੀ ਬਾਕੀ ਬੱਚਿਆਂ ਵਾਂਗ ਹੀ ਰਹਿੰਦੇ, ਖੇਡਦੇ ਤੇ ਸਿੱਖਦੇ ਹਨ। ਸਾਨੂੰ ਵਿਦਿਆਲੇ ਵਿਚ ਬੱਚਿਆਂ ਦਾ ਕੀਰਤਨ ਸੁਣਨ ਲਈ ਸੱਦਾ ਦਿੱਤਾ ਗਿਆ। ਵਾਹ! ਵਾਹ! ਕੁਝ ਸਾਜ਼ ਤਾਰਾਂ ਵਾਲੇ, ਕੁਝ ਸਿਖਾਏ ਹੋਏ ਕਮਾਲ ਉਸਤਾਦ ਦੇ, ਡਾਢਾ ਹੀ ਰਸ ਬੱਝਾ। ਗੁਰਬਾਣੀ ਦਾ ਇਕ ਇਕ ਅਖਰ ਸਾਫ ਸਮਝ ਪਿਆ ਔਂਦਾ ਸੀ। ਚੁਤਾਰਾ ਭੀ ਸੁਣਿਆ, ਠਾ ਤੋਂ ਦੁਗਣਾਂ ਤਿਗਣਾਂ ਵੀ ਚਲੀਆਂ, ਗਲੇ ਭੀ ਫਿਰੇ, ਤਾਨਾਂ ਭੀ ਹੋਈਆਂ, ਅਲਾਪ ਭੀ ਹੋਏ। ਇਥੋਂ ਤਕ ਕਿ ਦਿਮਾਗ ਨੂੰ ਸੋਚਣ ਦੀ ਵਿਹਲ ਹੀ ਨਾ ਮਿਲੀ ਕਿ ਉਹ ਕਿਸੇ ਭਾਰੀ ਰਾਗ ਤੇ ਕੀਰਤਨ ਸਭਾ ਵਿੱਚ ਬੈਠਾ ਹੈ ਜਾਂ ਫਿਰ ਕਚੇ ਕੋਠੇ ਵਿਚ ਭੁੰਜੇ ਹੀ ਇਕ ਸਫ ਉਤੇ ਜਾਂ ਖਵਰੇ ਦਰੀ ਉੱਤੇ। ਸਤਿਆਰਥੀ ਜੀ ਤਾਂ ਝੂਮ ਹੀ ਪਏ। ਦੁਖੀ ਜੀ ਕਈ ਵਾਰੀ ਅਭੋਲ ਗੌਣ ਭੀ ਲਗ ਜਾਂਦੇ ਸਨ। ਸ. ਚੰਨਣ ਸਿੰਘ ਜੀ ਤੇ ਮੈਂ ਬਥੇਰੀਆਂ ਗਲਤੀਆਂ ਲੱਭਣ ਦੇ ਯਤਨ ਵਿੱਚ ਰਹੇ ਹੋਵਾਂਗੇ, ਪਰ ਸਾਨੂੰ ਹਾਰੇ ਜਵਾਰੀਏ ਵਾਂਗ ਇਸ ਗੱਲੋਂ ਦੋਵੇਂ ਹਥ ਝਾੜਨੇ ਪਏ। ਚਾਤ੍ਰਿਕ ਜੀ ਦਾ ਸਰੀਰ ਤਾਂ ਉਥੇ ਹੀ ਸੀ ਪਰ ਉਹ ਆਪ ਉਥੇ ਨਹੀਂ ਹੀ ਹੋਣੇ, ਨਹੀਂ ਤਾਂ ਮੈਨੂੰ ਕੋਈ ਗੱਲ ਉਨ੍ਹਾਂ ਬਾਰੇ ਜ਼ਰੂਰ ਹੀ ਯਾਦ ਰਹਿੰਦੀ। ਫਿਰ ਬੱਚਿਆਂ ਕੋਲੋਂ ਗੁਰਬਾਣੀ ਦਾ ਪਾਠ ਸੁਣਿਆ। 'ਲਿਖਾਰੀ' ਅਖ਼ਬਾਰ ਦੇ ਪ੍ਰਸਿਧ ਪੜਚੋਲੀਏ ਨੇ ਗੁਟਕਾ ਆਪਣੇ ਹੱਥ ਲਿਆ ਤੇ ਖ਼ੂਬ ਚੌਕੰਨੇ ਹੋ ਕੇ ਸੁਣਨ ਲਗ ਪਿਆ ਇਕ ਦੋ ਚਾਰ ਛੇ ਬਚਿਆਂ ਨੇ ਵੱਖ-ਵੱਖ ਬਾਣੀਆਂ ਦਾ ਜ਼ਬਾਨੀ ਪਾਠ ਕੀਤਾ ਪਰ ਪੜਚੋਲੀਆ ਜੀ ਇਕ ਲਗ ਕੰਨੇ ਦੀ ਭੀ ਭੁੱਲ ਨਾ ਫੜ ਸਕੇ। ਇਸ ਮਿਹਨਤ ਤੇ ਸ਼ੁਧ ਪਾਠ ਦੇ ਧਿਆਨ ਨੇ ਤਾਂ ਸ. ਚੰਨਣ ਸਿੰਘ ਜੀ ਤੋਂ ਭੀ ਵਾਹ ਵਾਹ ਲੈ ਲਈ। ਸਤਿਆਰਥੀ ਜੀ ਤੇ ਹੋਰ ਸਾਥੀਆਂ ਦਾ ਕਹਿਣਾ ਕੀ ਹੈ? ਉਹ ਤਾਂ ਅਗੇ ਹੀ ਸਿਫ਼ਤ ਸਲਾਹ ਦੇ ਰੰਗ ਵਿਚ ਵੱਸਣ ਵਾਲੇ ਸਨ। ਪੜਚੋਲੀਏ ਜੀ ਨੂੰ ਬੜੀ ਨਿਰਾਸ਼ਤਾ ਹੋਈ ਜੋ ਪੜਚੋਲ ਲਈ ਕੁਝ ਨਾ ਲੱਭਾ। ਫਿਰ ਉਹਨਾਂ ਬਚਿਆਂ ਦਾ ਇਕ ਮਹਾਵਾਰ ਰਸਾਲਾ ਡਿੱਠਾ ਜੋ ਉਹ ਹੱਥੀ ਹੀ ਡਾਢਾ ਖੁਸ਼ਖਤ ਕਰਕੇ ਲਿਖਦੇ ਸਨ ਤੇ ਆਪੇ ਹੀ ਐਡਿਟ ਕਰਦੇ ਸਨ।

ਕੁਝ ਚਿਰ ਖੇਤਾਂ ਦੀ ਸੈਰ ਕਰਕੇ ਅਸੀਂ ਦੀਵਾਨ ਵਿਚ ਆਏ। ਇਹ ਇਕ ਖੁੱਲ੍ਹੀ ਵਲਗਣ ਸੀ। ਛੱਤ ਦੀ ਥਾਂ ਅਸਮਾਨ ਸੀ। ਹਾਂ ਪਰਬੰਧ ਤੇ ਸੌਖ ਲਈ ਐਤਕੀ ਸਾਲ ਹੀ ਆਲੇ ਦੁਆਲੇ ਆਦਮ ਕੱਦ ਉਚੀ ਕੰਧ ਬਣੀ ਹੋਈ ਸੀ। ਕਰੜੇ ਸਿਆਲਾਂ ਵਿਚ ਭੀ ਅੰਮ੍ਰਿਤ ਵੇਲੇ ਚਾਰ ਵਜੇ ਤੇ ਸ਼ਾਮ ਦੇ ਦੀਵਾਨ ਤਾਰਿਆਂ ਦੀ ਛਾਂ ਵਿਚ ਹੀ ਲੱਗਦੇ ਹਨ। ਮਹਾਰਾਜ ਜੀ ਖੁਲ੍ਹਾਂ ਦੇ ਚਾਹਵਾਨ ਹਨ। ਇਨਾਂ ਰਸਮੀ ਕੈਦਾਂ ਤੋਂ ਬਾਹਰ ਹੀ ਦੀਵਾਨ ਲਗਾਉਂਦੇ ਹਨ। ਸਾਰਾ ਥਾਂ ਖਚਾ-ਖਚ ਭਰਿਆ ਪਿਆ ਸੀ ਤੇ ਅਜੇ ਬਹੁਤ ਸਾਰੀ ਦੁਨੀਆਂ ਕੰਧਾਂ ਤੋਂ ਬਾਹਰ ਖਲੋਤੀ ਸੀ। ਅੰਦਰ ਅੱਧ ਤੋਂ ਵਧੇਰੇ ਮਾਈਆਂ ਸਨ। ਸੰਗਤ ਦੇ ਵਿਚ ਹੀ ਮਹਾਰਾਜ ਜੀ ਬੈਠੇ ਸਨ। ਲੋਕ ਮੱਥਾ ਟੇਕ ਟੇਕ ਬੈਠਦੇ ਜਾਂਦੇ ਸਨ। ਕੋਈ ਰੌਲਾ ਨਹੀਂ ਸੀ। ਰਾਗੀ ਕੀਰਤਨ ਕਰ ਰਹੇ ਸਨ ਤੇ ਕਈ ਮਸਤਾਨਿਆਂ ਨੂੰ ਮਸਤੀ ਵਿਚ ਸੂਤਰ ਪਿਆ ਹੋਇਆ ਸੀ।

ਅਸੀਂ ਭੀ ਵਾਰੀ ਨਾਲ ਮਹਾਰਾਜ ਤੱਕ ਪਹੁੰਚੇ। ਚਕਰਵਰਤੀ ਜੀ ਨੇ ਸਾਨੂੰ ਪਹਿਲੇ ਹੀ ਦੱਸ ਦਿਤਾ ਸੀ ਕਿ ਸਾਡੇ ਲਈ ਕੋਈ ਪਾਬੰਦੀ ਨਹੀਂ। ਮੈਂ ਅਜੇ ਮਨ ਨਾਲ ਘੋਲ ਹੀ ਕਰ ਰਿਹਾ ਸਾਂ ਕਿ ਮਹਾਰਾਜ ਜੀ ਆਪ ਸਾਡੇ ਸਨਮਾਣ ਵਿਚ ਖਲੋਤੇ ਹਨ ਤੇ ਫੇਰ ਡਾਢੇ ਖਿੜੇ ਮੱਥੇ ਸਾਨੂੰ ਨਿਵਾਜਿਆ। ਫਿਰ ਹੱਥ ਮਿਲਾਏ। 'ਜੀਉ ਆਇਆਂ ਨੂੰ' ਆਖਿਆ 'ਧੰਨ ਭਾਗ' ਕਿਹਾ, 'ਮੈਂ ਹਾਜ਼ਰ ਹੋਣਾਂ ਸੀ ਤੁਹਾਡੇ ਡੇਰੇ ਪਰ ਇਧਰੋਂ ਦੀਵਾਨ ਦਾ ਵਕਤ ਹੋ ਗਿਆ ਸੀ। ਤੁਸਾਂ ਬੜੀ ਮਿਹਰ ਕੀਤੀ ਜੋ ਸਾਨੂੰ ਜੰਗਲ ਵਿੱਚ ਆ ਨਿਵਾਜਿਆ ਜੇ।'

ਬਾਣੀ ਦਾ ਕੀਰਤਨ ਸੀ। ਸਭ ਚੁੱਪ-ਚਾਪ ਸੁਣ ਰਹੇ ਸਨ। ਨਵੀਆਂ ਸੰਗਤਾਂ ਆ ਰਹੀਆਂ ਸਨ। ਭੇਟਾ ਚੜ ਰਹੀਆਂ ਸਨ। ਨਾਲੋਂ ਨਾਲ ਵੰਡੀਆਂ ਜਾ ਰਹੀਆਂ ਸਨ ਜਾ ਖਜ਼ਾਨੇ ਵਿੱਚ ਭੇਜੀਆਂ ਜਾ ਰਹੀਆਂ ਸਨ।

ਮਹਾਰਾਜ ਦੀ ਗੁਰਮੁਖੀ ਭਰਵੀਂ ਦਾੜ੍ਹੀ, ਸੁਣਖਾ ਭਾਰਾ ਚਿਹਰਾ, ਸਡੋਲ ਸਰੀਰ ਤੇ ਹਸੂੰ-ਹਸੂੰ ਕਰਦਾ ਮੁਖੜਾ ਬਦੋ ਬਦੀ ਪਿਆਰ ਖਿੱਚੀ ਜਾਂਦਾ ਸੀ। ਦਿਲ ਕਿੰਨਾ ਖੁੱਲ੍ਹਾ ਹੈ। ਇਕ ਸਿਖ ਨੇ ਆ ਕੇ ਮਥਾ ਟੇਕਿਆ। ਉਸਦਾ ਚਿਹਰਾ ਕੁਝ ਉਦਾਸ ਸੀ। ਮਹਾਰਾਜ ਜੀ! ਕਿਉਂ ਭਾਈ ਪਿਆਰਿਆ ਉਦਾਸ ਕਿਉਂ ਏਂ ! ਸ਼ਾਦੀ ਕਰਨੀ ਏ ਮਾਇਆ ਕੋਈ ਨਹੀਂ, ਮਹਾਰਾਜ ਜੀ। ਇਸ ਗੁਰਮੁਖ ਨੂੰ 500 ਰੁਪਏ ਦੇ ਦਿਓ।

ਦੀਵਾਨ ਸਮਾਪਤ ਹੋਇਆ ਤੇ ਹੁਣ ਮੁਕੱਦਮਿਆਂ ਤੇ ਬੇਨਤੀਆਂ ਦਾ ਵੇਲਾ ਆਇਆ। ਸਭ ਮੁਕੱਦਮੇ ਕਰਨ ਵਾਲਿਆਂ ਨੇ ਆਪਣੇ ਨਾਂ ਲਿਖ ਕੇ ਦੇ ਦਿੱਤੇ। ਕੋਈ ਕੋਰਟ ਫੀਸ ਨਾ ਲੱਗੀ ਕੋਈ ਲੰਮੀਆਂ ਤਰੀਕਾਂ ਤੇ ਅਰਜ਼ੀ ਨਵੀਸਾਂ ਦੇ ਬਿਲ ਨਾ ਤਾਰਨੇ ਪਏ। ਵਾਜਾਂ ਪੈਣੀਆਂ ਸ਼ੁਰੂ ਹੋਈਆਂ। ਲਗ ਪਗ ਜਿਹੜਾ ਵੀ ਆਇਆ ਮਹਾਰਾਜ ਜੀ ਨੇ ਉਸ ਦਾ ਪਿੰਡ ਤੇ ਹੋਰ ਸਤਿਸੰਗੀਆਂ ਦੀ ਸੁਖ ਸਾਂਦ ਨਾਂ ਲੈ ਲੈ ਕੇ

ਪੁਛੀ। ਇੰਨੀ ਲੰਮੀ ਯਾਦ, ਤੇ ਇਉਂ ਜ਼ਾਤੀ ਸੰਬੰਧ ਤੇ ਜ਼ਾਤੀ ਪੁਛ ਗਿਛ ਅਪਣੱਤ ਦਾ ਪੂਰਾ ਅਸਰ ਕਰਦੀ ਹੈ। ਸਭ ਦੀਆਂ ਫਰਿਆਦਾਂ ਤੇ ਜਵਾਬ ਸੰਖੇਪ ਤੌਰ 'ਤੇ ਸੁਣੇ ਜਾਂਦੇ ਸਨ ਤੇ ਮਿੰਟਾਂ ਦੇ ਅੰਦਰ-ਅੰਦਰ ਹੁਕਮ ਜਾਂ ਫੈਸਲਾ ਸੁਣਾ ਦਿਤਾ ਜਾਂਦਾ ਸੀ। ਜੋ ਦੋਵੇਂ ਧਿਰਾਂ ਸਿਰ ਮਥੇ 'ਤੇ ਮੰਨਦੀਆਂ ਸਨ। ਇਨ੍ਹਾਂ ਫੈਸਲਿਆਂ ਵਿਚ ਦੰਡ ਨਹੀਂ ਸਨ ਸਗੋਂ ਰਾਜੀ ਨਾਵੇਂ ਤੇ ਦਿਲ ਦੀਆਂ ਸਫਾਈਆਂ ਸਨ।

ਮੈਂ ਮਹਾਰਾਜ ਜੀ ਦੇ ਵਧੇਰੇ ਕੋਲ ਹੋ ਬੈਠਾ ਸਾਂ। ਹਰ ਫੈਸਲੇ ਨੂੰ ਪੂਰੀ ਗਹੁ ਨਾਲ ਵਿਚਾਰ ਰਿਹਾ ਸਾਂ ਤੇ ਉਨਾਂ ਦੀ ਫੁਰਤੀ ਤੇ ਫਿਰ ਡੂੰਘਾਈ ਤੇ ਅਸਲੀਅਤ ਤੱਕ ਪੁੱਜਣ ਦੀ ਸ਼ਕਤੀ ਨੂੰ ਵੇਖ-ਵੇਖ ਉੱਗਲਾਂ ਟੁਕਦਾ ਸਾਂ। ਦੋ ਕੁ ਘੰਟੇ ਵਿਚ 100 ਤੋਂ ਉਪਰ ਫੈਸਲੇ ਹੋ ਗਏ ਅਤੇ ਸਭੇ ਫੈਸਲੇ ਦੋਹਾਂ ਧਿਰਾਂ ਲਈ ਅਜਿਹੇ ਸੁਖਾਉਂਦੇ ਸਨ ਕਿ ਕਿਸੇ ਨੂੰ ਬੁੜ ਬੁੜ ਕਰਨ ਜਾਂ ਅਪੀਲ ਕਰਨ ਦੀ ਗੁੰਜਾਇਸ਼ ਨਹੀਂ ਸੀ। ਇਕ ਦੋ ਫੈਸਲੇ ਦਾ ਇਥੇ ਜ਼ਿਕਰ ਕੁਥਾਂ ਨਹੀਂ ਹੋਵੇਗਾ।

ਇਕ ਨੇ ਸ਼ਿਕਾਇਤ ਕੀਤੀ ਕਿ ਫਲਾਣਾ ਸਿੰਘ ਮੇਰਾ 200/ ਰੁਪਿਆ ਨਹੀਂ ਦਿੰਦਾ। ਕਰਜ਼ਾਈ ਨੂੰ ਆਵਾਜ਼ ਪਈ। ਪੁਛਿਆ ਗਿਆ ਤੂੰ ਏਸਦਾ 200/ ਠੀਕ ਦੇਣਾ ਹੈ? ਹਾਂ ਜੀ ਪਰ ਕੋਲ ਨਹੀਂ, ਮੈਂ ਅਗੇ ਹੌਲੀ-ਹੌਲੀ ਕਰਕੇ 100/ ਰੁਪਿਆ ਕਿਰਤ ਕਰਕੇ ਲਾਹਿਆ। ਏਹ ਭੀ ਦੇ ਦਿਆਂਗਾ। ਪਰ ਤੂੰ ਕਰਜ਼ਾਈ ਕਿਵੇਂ ਹੋ ਗਿਆ। ਗੁਰ ਕਾ ਸਿਖ ਤਾਂ ਕਰਜ਼ਾਈ ਹੋ ਨਹੀਂ ਸਕਦਾ। ਕਿਉਂ ਜੋ ਉਸਦਾ ਜੀਵਨ ਸਾਦਾ ਹੁੰਦਾ ਹੈ। ਤੇ ਫਜ਼ੂਲ ਰਸਮਾਂ ਤੇ ਵਾਧੂ ਉਜਾੜਾ ਨਾਮਧਾਰੀਆਂ ਵਿਚ ਹੁੰਦਾ ਹੀ ਨਹੀਂ। 'ਮਹਾਰਾਜ ਇਹ ਕਰਜ਼ਾ ਮੇਰੇ ਪਿਓ ਦਾ ਹੈ ਉਹ ਸਿੱਖ ਨਹੀਂ ਸੀ।

'ਚੰਗਾ ਖਜ਼ਾਨਚੀ ਜੀ 200/- ਸ਼ਿਕਾਇਤ ਕਰਨ ਵਾਲੇ ਨੂੰ ਦੇ ਦਿਉ। ਸ਼ਕਾਇਤ ਕਰਨ ਵਾਲਾ, "ਨਾ ਮਹਾਰਾਜ ਮੈਂ ਗੁਰੂ ਕੇ ਖਜ਼ਾਨਿਉਂ ਨਹੀਂ ਲੈਂਦਾ। ਅਹਿ ਲਓ ਪਰਨੋਟ ਆਪਣੇ ਹਥੀਂ ਇਸਦੀ ਮੁਕਤੀ ਕਰ ਦਿਉ। ਮੈਂ ਕਰਜ਼ਾ ਛੱਡਿਆ।"

ਮਹਾਰਾਜ ਮੈਂ ਆਪਣੀ ਲੜਕੀ ਸਿੰਘ ਨੂੰ ਵਿਆਹੀ ਸੀ। ਉਹ ਹੁਣ ਮਾਸ ਸ਼ਰਾਬ ਵਰਤਣ ਲੱਗ ਪਿਆ ਹੈ। ਮੈਂ ਸਮਝਾਉਣ ਦੀ ਬਹੁਤ ਵਾਹ ਲਾਈ ਹੈ। ਮੇਰੀ ਧੀ ਬੜੀ ਤੰਗ ਹੈ। ਬੀਬੀ ਹਾਜ਼ਰ ਹੋਈ ਹਾਂ ਬਾਬਿਆ, ਮੈਨੂੰ ਜਿਵੇਂ ਹੁਕਮ ਦੇਵੇਂਗਾ ਮੈਂ ਕਰਾਂਗੀ। ਮੈਨੂੰ ਤਾਂ ਚੌਕੇ ਦੀ ਵੀ ਸੁੱਚ ਨਾ ਰਹੀ। ਉਸ ਇਲਾਕੇ ਦੇ ਸੂਬੇ ਨੂੰ ਬੀਬੀ ਤੇ ਉਸਦੇ ਕਥਨ ਦੀ ਸਚਾਈ ਪੁੱਛੀ ਗਈ। ਬੀਬੀ ਦੇ ਸਹੁਰੇ ਪਿੰਡ ਵਾਲੇ ਸੂਬੇ ਨੂੰ ਮੁੰਡੇ ਦੇ ਚਾਲ ਚਲਣ ਦੀ ਪੁੱਛ ਹੋਈ। ਜਦ ਬਿਆਨ ਦੀ ਸਚਾਈ ਪਰਖੀ ਗਈ ਤਾਂ ਹੁਕਮ ਹੋ ਗਿਆ ਬੀਬੀ ਪੇਕੇ ਘਰ ਆ ਰਹੇ। ਤਿੰਨ ਮਹੀਨੇ ਵਿੱਚ ਉਹ ਆਪਣੇ ਆਪ ਨੂੰ ਸੁਧਾਰ ਲਵੇ ਤਾਂ ਸੰਗਤ ਵਿਚ ਆ ਕੇ ਭੁੱਲ ਬਖਸ਼ਾਏ ਤਾਂ ਵਾਹ-ਵਾਹ, ਨਹੀਂ ਤਾਂ ਬੀਬੀ ਦੀ ਹੋਰ ਸ਼ਾਦੀ ਕਰ ਦਿਉ।

ਇਹ ਮੁਕੱਦਮੇ ਸੁਣਦਿਆਂ ਹੀ ਮੈਨੂੰ ਪਤਾ ਲੱਗ ਗਿਆ ਕਿ ਨਾਮਧਾਰੀਆਂ ਵਿਚ ਪਰਦੇ ਫਜ਼ੂਲ ਖਰਚੀ ਤੇ ਆਕੜ ਉਕਾ ਈ ਨਹੀਂ। ਕੁਝ ਚਿਰ ਪਿਛੋਂ ਮੈਨੂੰ ਇਹ ਵੀ ਪਤਾ ਲਗਾ ਕਿ ਮਹਾਰਾਜ ਜੀ ਸਵੰਬਰ ਦੀ ਰਸਮ ਨੂੰ ਵੀ ਸੁਰਜੀਤ ਕਰਨ ਵਾਲੇ ਹਨ। ਬੇਨਤੀਆਂ ਵਿਚ ਵਧੇਰੇ ਇਹੀ ਮੰਗ ਸੀ ਕਿ ਸਾਡੇ ਘਰ ਪ੍ਰਸ਼ਾਦ ਛਕੋ ਤੇ ਸਾਡੇ ਪਿਡ ਦਰਸ਼ਨ ਦਿਓ। ਪ੍ਰੋਗਰਾਮ ਉਸ ਵਾਸਤੇ ਬਨਾਉਣ ਦੀ ਜ਼ਿੰਮੇਵਾਰੀ ਸੂਬਿਆਂ ਦੇ ਜ਼ਿੰਮੇ ਲਾਈ ਗਈ। ਇਸ ਦੇ ਬਾਅਦ ਚਕਰਵਰਤੀ ਜੀ ਨੇ ਸਾਡੀ ਜਾਣ ਪਛਾਣ ਕਰਾਈ ਤੇ ਸਾਨੂੰ ਉਸ ਭਰੀ ਸਭਾ ਵਿਚ ਕੁਝ ਬੋਲਣ ਲਈ ਕਿਹਾ ਗਿਆ। ਕੋਈ ਗੀਤਾਂ ਬਾਬਤ ਬੋਲਿਆ ਕੋਈ ਪੰਜਾਬੀ ਬਾਬਤ ਤੇ ਕੋਈ ਕੁਝ ਬੋਲਿਆ। ਮੈਂ ਹੈਰਾਨ ਸਾਂ ਕਿ ਸਾਧੂ ਸੰਗ ਨੇ ਉਸੇ ਸ਼ਾਂਤੀ ਤੇ ਸਬਰ ਨਾਲ ਸਾਡੇ ਖਿਆਲ ਭੀ ਸੁਣ ਲਏ, ਜੋ ਕਈ ਹਾਲਤਾਂ ਵਿਚ ਓਨੇ ਪਵਿਤਰ ਤੇ ਸੁਚੇ ਨਹੀਂ ਸਨ। ਪ੍ਰਬੰਧ ਅਤੇ ਚੁਪ ਹੈਰਾਨੀ ਭਰੀ ਸੀ। ਦੀਵਾਨ ਸਮਾਪਤ ਹੋਇਆ।

ਮੋਟਰ ਖਰਾਬ ਹੋ ਜਾਣ ਕਰਕੇ ਅਚਨਚੇਤ ਅਨੰਦਪੁਰੋਂ ਮੁੜਦੇ ਹੋਏ ਮਾ. ਤਾਰਾ ਸਿੰਘ ਜੀ, ਕਮਲਾ ਅਕਾਲੀ ਜੀ ਤੇ ਮੁਸਾਫਿਰ ਜੀ ਰਾਤੀਂ ਅਚਣਚੇਤ 1 ਵਜੇ ਉਥੇ ਆ ਪੁਜੇ। ਉਨਾਂ ਨੂੰ ਭੀ ਪੂਰਾ ਆਰਾਮ ਦਿਤਾ ਗਿਆ। ਸਵੇਰ ਦੇ ਆਸਾ ਜੀ ਦੀ ਵਾਰ ਦੇ ਦੀਵਾਨ ਵਿਚ ਉਨਾਂ ਦੀਆਂ ਕਾਲੀਆਂ ਪੱਗਾਂ ਨੇ ਚਿਟੀਆਂ ਪੱਗਾਂ ਦੀ ਸ਼ੋਭਾ ਦੂਣੀ ਕਰ ਦਿਤੀ ਹੋਈ ਸੀ। ਜਿਵੇਂ ਸਵੇਰ-ਸਾਰ ਚਿੜੀ ਦਾ ਚੂਕਣਾ ਸਵੇਰ ਦੀ ਚੁੱਪ ਨੂੰ ਵਧਾ ਦੇਂਦਾ ਹੈ। ਆਸਾ ਦੀ ਵਾਰ ਦੇ ਕੀਰਤਨ ਪਿਛੋਂ ਮਹਾਰਾਜ ਨੇ ਆਪ ਇਕ ਸ਼ਬਦ ਗਾਇਨ ਕੀਤਾ। ਫਿਰ ਉਨ੍ਹਾਂ ਦੇ ਬਚਿਆਂ ਨੇ। ਉਨਾਂ ਦੇ ਗਾਇਨ ਤੋਂ ਤੇ ਰਾਗੀਆਂ ਨਾਲ ਤਾਲ ਆਦਿ ਦੇਣ ਤੋਂ ਮੈਨੂੰ ਸਾਫ ਪਤਾ ਲਗ ਗਿਆ ਕਿ ਮਹਾਰਾਜ ਜੀ ਜਿਥੇ ਸ਼ਸ਼ਤਰ ਵਿਦਿਆ ਤੇ ਸ਼ਿਲਪ ਵਿਦਿਆ ਤੇ ਘੋੜੇ ਊਠਾਂ ਦੇ ਇਲਾਜ ਦੇ ਚੰਗੇ ਜਾਣੂੰ ਹਨ, ਉਥੇ ਰਾਗ ਵਿਦਿਆ ਆਦਿ ਕੋਮਲ ਹੁਨਰਾਂ ਦੇ ਅਥਾਹ ਸ਼ੌਕੀਨ ਹੀ ਨਹੀਂ ਸਗੋਂ ਮਾਹਰ ਹਨ। ਦੀਵਾਨ ਵਿਚ ਹੀ ਅਨੰਦ ਕਾਰਜ

ਹੁੰਦੇ ਡਿਠੇ ਹਨ। ਉਸ ਤੋਂ ਪਿਛੋਂ ਇਹ ਤਿੰਨੇ ਲੀਡਰ ਸਾਹਿਬ ਕੋਈ ਪੰਜ-ਪੰਜ ਮਿੰਟ ਬੋਲੇ ਤੇ ਦੀਵਾਨ ਦੀ ਸਮਾਪਤੀ ਹੋਈ।

ਲੀਡਰਾਂ ਦੀ ਵਿਦਾਇਗੀ ਦੇ ਸਮੇਂ ਦਾ ਜ਼ਿਕਰ ਨਾ ਕਰਨਾ ਲੇਖ ਨੂੰ ਅਧੂਰਾ ਛੱਡਣ ਵਾਲੀ ਗੱਲ ਹੋਵੇਗੀ। ਇਕ ਬੈਠਕ ਵਿਚ ਉਹ ਲੀਡਰ ਮੈਂ ਮਹਾਰਾਜ ਜੀ ਤੇ ਚਕਰਵਰਤੀ ਜੀ ਬੈਠੇ ਸਾਂ। ਮੇਰੇ ਸਾਥੀ ਆਪਣੇ ਡੇਰੇ ਹੀ ਸਨ। ਸੁਖ ਸਾਂਦ ਪੁੱਛੀ ਗਈ ਤੇ ਦੋਸਤਾਂ ਵਾਂਗ ਗੱਲਾਂ ਛਿੜ ਪਈਆਂ। ਮਹਾਰਾਜ ਜੀ ਖਿੜ-ਖਿੜ ਹਸਦੇ ਸਨ। ਦੋਸਤਾਂ ਵਾਂਗ ਹਥ ਮਿਲਾਂਦੇ ਸਨ ਤੇ ਡਾਢੀਆਂ ਸਿੱਧੀਆਂ ਸਾਫ਼ ਗਲਾਂ ਕਰਦੇ ਸਨ। ਉਸ ਵੇਲੇ ਮੈਂ ਤੇ ਬਾਕੀ ਸੱਜਣ ਭੁੱਲੇ ਹੋਏ ਸਾਂ ਕਿ ਉਹ ਕਿਸੇ 'ਗੁਰੂ' ਜਾਂ 'ਪੀਰ' ਜਾਂ ਪੰਜ ਲਖ ਸਿਖਾਂ ਦੇ ਲੀਡਰ ਨਾਲ ਗੱਲਾਂ ਕਰ ਰਹੇ ਹਨ। ਮਹਾਰਾਜ ਜੀ ਨੇ ਆਪਣੀਆਂ ਗੱਲਾਂ ਵਿਚ ਕਈ ਫਾਰਸੀ ਦੇ ਸ਼ਾਇਰਾਂ ਦੇ ਸ਼ੇਅਰ ਸਹਿਜ ਸੁਭਾ ਸੁਣਾ ਦਿਤੇ। ਕਈ ਹਵਾਲੇ ਦਿੱਤੇ ਜੋ ਲਗ ਪਗ ਸਭ ਲਈ ਨਵੇਂ ਸਨ। ਗੱਲਾਂ ਗੱਲਾਂ ਤੋਂ ਇਹ ਭੀ ਪਤਾ ਲੱਗਾ ਕਿ ਉਹ ਉਨਾਂ ਲੀਡਰਾਂ ਨੂੰ ਅਗੇ ਭੀ ਇਵੇਂ ਹੀ ਦੋਸਤਾਂ ਵਾਂਗ ਮਿਲਦੇ ਹਨ।

ਹੁਣ ਉਨ੍ਹਾਂ ਤਿੰਨਾਂ ਲੀਡਰਾਂ ਦੇ ਅਗੇ 25/- 25/- ਰੁਪਏ ਤੇ ਇਕ ਇਕ ਟਸਰੀ ਦਸਤਾਰਾ ਨਜ਼ਰ ਭੇਟਾ ਰਖੀ ਗਈ ਤੇ ਨਾਲ ਹਥ ਜੋੜੇ ਗਏ। ਉਨ੍ਹਾਂ ਬੜੀ ਮੁਸ਼ਕਲ ਨਾਲ ਰੁਪੈ ਮੋੜੇ ਤੇ ਦਸਤਾਰੇ ਪਰਵਾਨ ਕੀਤੇ। ਮਹਾਰਾਜ ਜੀ ਜੱਫੀਆਂ ਪਾ ਕੇ ਹੱਸ-ਹੱਸ ਕੇ ਉਨਾ ਨੂੰ ਮਿਲੇ ਤੇ ਅੰਤ ਆਪ ਪੈਦਲ ਉਨ੍ਹਾਂ ਦੀ ਮੋਟਰ ਤੱਕ ਛੱਡਣ ਆਏ। ਮੋਟਰ ਤੁਰਨ ਵੇਲੇ ਫਿਰ ਫਤਹਿ ਬੁਲਾਈ ਅਤੇ ਲੰਗਰ ਵਿੱਚ ਗਏ।

ਮੇਰਾ ਜੀ ਕੀਤਾ ਕਿ ਮੈਂ ਲੰਗਰ ਦਾ ਜ਼ਿਕਰ ਕਰਕੇ ਹੀ ਪਾਠਕਾਂ ਤੋਂ ਛੁੱਟੀ ਲਵਾਂ। ਨਾਲੇ ਇਹ ਭੀ ਤਾਂ ਅਨਿਆਂ ਹੀ ਹੋਵੇਗਾ ਜੇ ਪਾਠਕਾਂ ਨੂੰ ਭੁੱਖਿਆਂ ਹੀ ਇਨੀਆਂ ਗੱਲਾਂ ਸੁਣਾ ਕੇ ਛੁੱਟੀ ਦਿਆਂ। (ਅਸੀਂ ਲੰਗਰ ਵਿਚ ਗਏ) ਦੋ ਬਿਰਧ ਮਾਈਆਂ, ਜੋ ਮਹਾਰਾਜ ਦੀਆਂ ਮਾਤਾਵਾਂ ਅਖਵਾਉਣ ਦਾ ਮਾਣ ਰੱਖਦੀਆਂ ਸਨ, ਲੰਗਰ ਵਿਚ ਇਉਂ ਸੇਵਾ ਕਰ ਰਹੀਆਂ ਸਨ, ਸਭ ਨੂੰ ਸਭ ਦੀ ਲੋੜ ਵਾਲੀ ਚੀਜ਼ ਪਾਉਣੀ ਉਨਾਂ ਦੇ ਜ਼ਿੰਮੇਂ ਹੈ। ਇਉਂ ਜਾਪਦਾ ਹੈ ਕਿ ਮਾਣ ਦੀ ਕਣੀ ਉਨਾਂ ਦੇ ਲਾਗੇ ਹੀ ਨਹੀਂ ਪੁੱਜੀ। ਲੰਗਰ ਵਿਚ ਸਾਨੂੰ ਮਿਠੇ ਚੌਲ, ਕੜਾਹ ਪ੍ਰਸ਼ਾਦ, ਦੋ ਸਬਜ਼ੀਆਂ ਤੇ ਇਕ ਦਾਲ ਤੇ ਸੋਹਣੇ ਫੁਲਕੇ ਸਣੇ ਫਲਾਂ ਦੇ ਦਿੱਤੇ ਗਏ ਸਨ। ਵੇਖਣ ਤੋਂ ਪਤਾ ਲੱਗਦਾ ਸੀ ਕਿ ਸਾਰੀ ਸੰਗਤ ਲਈ ਇਹੀ ਕੁਝ ਬਣਿਆ ਹੈ।

ਸਾਨੂੰ ਭੀ ਉਸੇ ਤਰੀਕੇ ਨਾਲ ਵਿਦਾ ਕੀਤਾ ਗਿਆ। ਪਹਿਲੀ ਮੋਟਰ ਕਾਰ ਨਾਲੋਂ ਭੀ ਵਧੀਆ ਮੋਟਰ ਕਾਰ ਸਾਨੂੰ ਸਟੇਸ਼ਨ 'ਤੇ ਛੱਡ ਗਈ।

ਪਤਾ ਨਹੀਂ ਓਦੋਂ ਦੀ ਕੀ ਖਿਚ ਹੈ ਕਿ ਮੈਨੂੰ ਜਦ ਭੀ ਮੌਕਾ ਮਿਲੇ ਮੈਂ ਮਹਾਰਾਜ ਦੇ ਦਰਸ਼ਨਾਂ ਲਈ ਤੁਰ ਪੈਂਦਾ ਹਾਂ। ਮੈਂ ਨਾਮਧਾਰੀਆ ਤਾਂ ਨਹੀਂ ਬਣਿਆ। ਨਾ ਹੀ ਸ਼ਾਇਦ ਕਦੇ ਬਣ ਸਕਾਂ ਪਰ ਮਹਾਰਾਜ ਦੀ ਜ਼ਾਤ ਨਾਲ ਮੈਨੂੰ ਜ਼ਾਤੀ ਪਿਆਰ ਹੈ। ਇਕ ਵੇਰ ਵਿਸਾਖੀ ਉਤੇ ਮੈਂ ਉਨਾਂ ਦੇ ਦਰਬਾਰ ਵਿਚ ਗਿਆ। ਪਿਆਰ ਭੇਟ ਲਈ ਮੈਂ 'ਲਿਖਾਰੀ' ਦੀ ਇਕ ਪੁਰਾਣੀ ਫਾਈਲ ਦੀ ਸੁਨਹਿਰੀ ਜਿਲਦ ਲੈ ਗਿਆ। ਜਾ ਕੇ ਭੇਟਾ ਕੀਤੀ ਤੇ ਕਿਹਾ "ਮਾਫ ਕਰਨਾ ਅਜ ਰਾਤੀਂ ਹੀ ਪਤਾ ਲਗਾ ਸੀ ਤੇ ਸਵੇਰੇ ਹੀ । ਘਰੋਂ ਤੁਰਿਆ ਹਾਂ। ਕੋਈ ਹੋਰ ਭੇਟਾ ਲੱਭੀ ਨਹੀਂ। ਇਹੋ ਹੀ ਕਬੂਲ ਕਰਨੀ।"

ਤਾਂ ਆਪ ਨੇ ਪਿਆਰ ਨਾਲ ਮੇਰਾ ਹੱਥ ਘੁਟਿਆ ਸੀ ਤੇ ਗਲਵੱਕੜੀ ਵਿਚ ਲੈਂਦਿਆਂ ਹੋਇਆਂ ਕਿਹਾ ਸੀ, "ਚੀਜ਼ ਭਾਵੇਂ ਕੋਈ ਹੋਵੇ, ਆਪਾਂ ਚੀਜ਼ਾਂ ਤਾਂ ਨਹੀਂ ਵੇਖਣੀਆਂ, ਵੇਖਣਾਂ ਤਾਂ ਇਹ ਹੈ ਕਿ ਉਸਦੇ ਲਿਆਉਣ ਵਿਚ ਕਿੰਨਾਂ ਪਿਆਰ ਹੈ। ਅਮੋਲ ਜੀ ਪਿਆਰ, ਉਹ ਤੁਸਾਂ ਮੈਨੂੰ ਦਿੱਤਾ ਹੈ। ਚਾਹੇ ਕਿਸੇ ਰੂਪ ਵਿਚ, ਉਹ ਸਤਿਕਾਰ ਯੋਗ ਹੈ।"

ਅੱਜ ਤਿੰਨ ਸਾਲ ਹੋ ਗਏ ਹਨ ਇਸ ਗੱਲ ਨੂੰ ਪਰ ਲਫਜ਼ ਅਜੇ ਤਕ ਭੀ ਮੇਰੇ ਕੰਨਾਂ ਵਿੱਚ ਮਿੱਠੀ ਗੂੰਜ ਦੇ ਕੇ ਮੇਰੀਆਂ ਅੱਖਾਂ ਵਿਚ ਮਸਤੀ ਦੀ ਇਕ ਲਹਿਰ ਲੈ ਆਉਂਦੇ ਹਨ। ਮੈਂ ਚਾਹੁੰਦਾ ਹਾਂ ਮੈਨੂੰ ਇਹ ਲਫਜ਼ ਸਦਾ ਯਾਦ ਰਹਿਣ ਜਿਵੇਂ ਅੱਜ ਹਨ।

........................................................

**ਸਤਿਜੁਗ ਆਪ ਪੜ੍ਹੋ ਤੇ ਹੋਰਾਂ ਨੂੰ ਪੜ੍ਹਾਓ।**

# ਜੇ ਲੌਕਡਾਊਨ ਹੀ ਹੱਲ ਹੈ ਤਾਂ ਫਿਰ ਸਿੱਖਿਆ ਕੀ?


**ਡਾ. ਸ਼ਿਆਮ ਸੁੰਦਰ ਦੀਪਤੀ**

ਦੇਸ਼ ਵਿਚ ਇਕ ਵਾਰੀ ਫਿਰ ਤੋਂ ਤਕਰੀਬਨ ਉਸੇ ਤਰ੍ਹਾਂ ਦੇ ਹਾਲਾਤ ਬਣਦੇ ਦਿਖਾਈ ਦੇ ਰਹੇ ਹਨ, ਜਿਹੋ ਜਿਹੇ ਪਿਛਲੇ ਸਾਲ ਇਨ੍ਹਾਂ ਦਿਨਾਂ ਦੌਰਾਨ ਸਨ। ਲਗਾਤਾਰ ਕੇਸਾਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ ਤੇ ਉਸੇ ਤਰ੍ਹਾਂ ਹੀ ਮੀਡੀਆ ਦੀ ਪੇਸ਼ਕਸ਼ ਅਤੇ ਤਕਰੀਬਨ ਉਹੀ ਹਦਾਇਤਾਂ, ਮਾਸਕ, ਦੂਰੀ। ਹਾਲਾਤ 'ਤੇ ਕਾਬੂ ਪਾਉਣ ਲਈ ਰਾਤ ਦਾ ਕਰਫ਼ਿਊ, ਰੈਲੀਆਂ, ਇਕੱਠਾਂ 'ਤੇ ਬੰਦਿਸ਼ਾਂ ਅਤੇ ਲੌਕਡਾਊਨ ਦੀ ਚਿਤਾਵਨੀ। ਹਰ ਪਾਸੇ ਕਹਿਰ ਧਮਾਕੇ ਵਰਗੇ ਸ਼ਬਦਾਂ ਦੀ ਗੂੰਜ। ਹਰ ਪਾਸੇ ਹੀ ਡਰ ਅਤੇ ਲੋਕਾਂ ਦਾ ਸਹਿਮੇ ਹੋਣਾ।

ਇਸ ਸਾਰੇ ਹਾਲਾਤ ਵਿਚ ਬੇਖੌਫ਼ ਹਨ, ਉਹ ਚੋਣਾਂ ਦੇ ਮਾਹੌਲ ਵਿਚ ਨੇਤਾ ਅਤੇ ਉਨ੍ਹਾਂ ਦੇ ਹਮਾਇਤੀ ਅਤੇ ਕੁੰਭ ਦੇ ਇਸ਼ਨਾਨ ਲਈ ਪਹੁੰਚੇ ਸੰਤ ਅਤੇ ਇਸ ਤਰ੍ਹਾਂ ਦੇ ਕਾਰਜਾਂ ਵਿਚ ਸ਼ਰਧਾ ਰੱਖਣ ਵਾਲੇ ਲੋਕ। ਚੋਣਾਂ ਵਾਲਾ ਰਾਜਨੀਤਿਕ ਅਤੇ ਹਰਿਦੁਆਰ ਕੁੰਭ ਵਾਲਾ ਧਾਰਮਿਕ ਇਕੱਠ ਸ਼ਰਧਾ ਕਾਰਨ ਹੀ ਹੈ। ਇਨ੍ਹਾਂ ਦੋਹਾਂ ਹਾਲਤਾਂ ਵਿਚ ਬੇਖੌਫ਼ ਹੋਣ ਪਿੱਛੇ, ਉਨ੍ਹਾਂ ਦੇ ਆਕਾਵਾਂ ਦਾ ਹੱਥ ਜੋ ਦਿਸਦਾ ਹੈ। ਜਿੱਥੋਂ ਤੱਕ ਬਿਮਾਰੀ ਨਜਿੱਠਣ ਦੀ ਗੱਲ ਹੈ, ਇਸ ਤਰ੍ਹਾਂ ਨਹੀਂ ਲੱਗਦਾ ਕਿ ਅਸੀਂ ਇਸ ਬਿਮਾਰੀ ਪ੍ਰਤੀ ਅਣਜਾਣ ਹੋਈਏ। ਇਹ ਬਿਮਾਰੀ ਇਕੋ ਦਮ ਆ ਧਮਕੀ ਹੋਵੇ ਤੇ ਅਸੀਂ ਬੌਂਦਲ ਗਏ ਹੋਈਏ, ਜਿਵੇਂ ਪਿਛਲੇ ਸਾਲ ਹੋਇਆ ਸੀ।

ਭਾਵੇਂ ਕਿ ਵਿਸ਼ਵ ਵਿਚ ਇਸ ਦੀ ਆਹਟ 2019 ਦਸਬੰਰ ਵਿਚ ਹੋਈ, ਸਾਡੇ ਮੁਲਕ ਵਿੱਚ ਜਨਵਰੀ 2020 ਨੂੰ ਤੇ ਅਸੀਂ ਇਸ ਨਾਲ ਪੇਸ਼ ਆਏ ਮਾਰਚ 2020 ਵਿਚ ਪਰ ਹੁਣ ਇਕ ਸਾਲ ਤੋਂ ਵੱਧ, ਸਾਡੇ ਮੁਲਕ ਨੂੰ ਹੋ ਗਏ, ਇਸ ਬਿਮਾਰੀ ਨੂੰ ਜਾਣਦੇ, ਪਰਖਦੇ, ਰਹਿੰਦੇ, ਨਜਿੱਠਦੇ। ਜੇਕਰ ਇਕ ਸਾਲ ਬਾਅਦ ਵੀ ਉਸੇ ਤਰ੍ਹਾਂ ਕੇਸਾਂ ਦਾ ਨਾਂ ਲੈ ਕੇ ਡਰਾਇਆ ਜਾ ਰਿਹਾ ਹੈ ਤੇ ਲੌਕਡਾਊਨ ਦੀ ਚਿਤਾਵਨੀ ਦਿੱਤੀ ਜਾ ਰਹੀ ਹੈ ਤਾਂ ਸਾਫ਼ ਹੈ ਕਿ ਅਸੀਂ ਇਸ ਬਿਮਾਰੀ ਬਾਰੇ ਕੁਝ ਨਹੀਂ ਜਾਣਿਆ ਅਤੇ ਸਿੱਖਿਆ।

ਕੀ ਇਹ ਸੱਚ ਹੈ ਅਸੀਂ ਬਿਮਾਰੀ ਪ੍ਰਤੀ ਅਣਜਾਣ, ਅਗਿਆਨੀ ਹਾਂ ਜਾਂ ਕੁਝ ਹੋਰ ਹੈ। ਕੀ ਅਸੀਂ ਇਸ ਨਾਲ ਨਜਿੱਠਣ ਲਈ ਕੋਈ ਵਧੀਆ, ਕਾਰਗਰ, ਸਿਹਤਮੰਦ ਤਰੀਕੇ ਲੱਭਣ ਵਿਚ ਨਾਕਾਮ ਰਹੇ ਹਾਂ? ਕੀ ਸਾਡਾ ਸਿਹਤ ਵਿਗਿਆਨ ਏਨਾ ਹੀ ਕਮਜ਼ੋਰ ਹੈ? ਜਦੋਂ ਕਿ ਅਸੀਂ ਵੈਕਸੀਨ ਨੂੰ, ਆਪਣੇ ਪੁਰਾਣੇ ਤਜ਼ਰਬਿਆਂ ਦੇ ਆਧਾਰ 'ਤੇ ਘੱਟ ਤੋਂ ਘੱਟ ਸਮੇਂ ਵਿਚ ਬਣਾ ਕੇ, ਲੋਕਾਂ ਤੱਕ ਪਹੁੰਚਾਉਣ ਵਿਚ ਕਾਮਯਾਬੀ ਹਾਸਿਲ ਕੀਤੀ ਹੈ।



ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ (ਪ੍ਰੋਫੈਸਰ)

- ਬਿਮਾਰੀ ਬਾਰੇ, ਕੁਝ ਕੁ ਸਮਝ ਤਾਂ ਹਰ ਇੱਕ ਤੱਕ ਪਹੁੰਚੀ ਹੈ।
- ਵਾਇਰਸ ਨਾਲ ਹੋਣ ਵਾਲੀ ਇੱਕ ਬਿਮਾਰੀ ਹੈ।
- ਨੱਕ, ਗਲਾ, ਸਾਹ ਨਲੀ, ਫੇਫੜਿਆਂ 'ਤੇ ਹਮਲਾ ਹੁੰਦਾ ਹੈ।
- ਬੁਖਾਰ, ਖਾਂਸੀ, ਥਕਾਵਟ ਆਦਿ ਮੁੱਖ ਲੱਛਣ ਹਨ। ਕਿਤੇ ਕਿਤੇ ਸਵਾਦ ਅਤੇ ਸੁਗੰਧ ਵੀ ਪ੍ਰਭਾਵਿਤ ਹੁੰਦੀ ਹੈ।
- ਬਹੁਤੇ ਲੋਕ ਆਮ, ਠੀਕ ਠਾਕ ਵੀ ਤੁਰੇ ਫਿਰਦੇ ਹਨ ਭਾਵੇਂ ਟੈਸਟ ਕਰਵਾਉਣ 'ਤੇ ਪਾਜ਼ੇਟਿਵ ਆਉਂਦੇ ਹਨ।
- ਹੁਣ ਤੱਕ ਦੇ ਅੰਕੜਿਆਂ ਮੁਤਾਬਕ, ਇਕ ਕਰੋੜ 30 ਲੱਖ ਕੇਸ ਹੋਏ ਹਨ ਤੇ ਇਕ ਲੱਖ 70 ਹਜ਼ਾਰ ਮੌਤਾਂ, ਜੋ ਕਿ ਤਕਰੀਬਨ 1.5 ਫੀਸਦੀ ਹੈ।

ਕੀ ਇਸ ਜਾਣਕਾਰੀ ਦੇ ਆਧਾਰ 'ਤੇ ਕੁਝ ਕੁ ਕਾਰਗਰ ਫੈਸਲੇ ਨਹੀਂ ਲਏ ਜਾ ਸਕਦੇ? ਕਾਰਗਰ ਤੋਂ ਮਤਲਬ ਹੈ ਕਿ ਲੋਕਾਂ ਦੀ ਜ਼ਿੰਦਗੀ ਵਿਚ ਕੋਈ ਵੱਡਾ ਖਲਲ ਨਾ ਪਵੇ। ਉਨ੍ਹਾਂ ਦੀ ਆਰਥਿਕ ਸਥਿਤੀ, ਰੋਜ਼ੀ ਰੋਟੀ ਸਾਧਾਰਨ ਤਰਜ਼ 'ਤੇ ਚਲਦੀ ਰਹੇ।

ਇਸ ਸਭ ਦੇ ਲਈ, ਪਹਿਲੀ ਲੋੜ ਸੀ ਤੇ ਹੈ ਵੀ, ਕਿ ਲੋਕਾਂ ਦੇ ਮਨਾਂ ਵਿਚੋਂ ਡਰ ਕੱਢਿਆ ਜਾਵੇ। ਇਸ ਸਾਰੀ ਸਥਿਤੀ ਅਤੇ ਪਿਛਲੇ ਸਾਲ ਦੇ ਤਜ਼ਰਬੇ ਤੋਂ ਕਿਤੇ ਵੀ ਡਰ ਦੀ ਕਨਸੋਅ ਨਹੀਂ ਪੈਂਦੀ। ਡਰ ਦੀ ਸਥਿਤੀ ਬਣਾਈ ਜਾ ਰਹੀ ਹੈ, ਜਦੋਂ ਹਰ ਰੋਜ਼ ਹੀ ਹਾਲਾਤ ਦੀ ਪੇਸ਼ਕਾਰੀ ਹੁੰਦੀ ਹੈ।

ਕੇਸਾਂ ਦਾ ਰਿਕਾਰਡ ਟੁੱਟਾ। ਭਾਰਤ ਦੁਨੀਆਂ ਵਿਚੋਂ ਦੂਸਰੇ ਨੰਬਰ 'ਤੇ। ਇਸ ਦੇ ਨਾਲ ਮੌਤਾਂ ਦਾ ਵੇਰਵਾ, ਮੌਤਾਂ

ਵਿਚ ਵੀ ਹੋਰ ਬਰੀਕੀ ਨਾਲ, ਉਨ੍ਹਾਂ ਮਰੀਜ਼ਾਂ ਦੀ ਪਹਿਲੋਂ ਚੱਲੀ ਆ ਰਹੀ ਸਿਹਤ ਬਾਰੇ ਵੇਰਵਾ ਨਹੀਂ ਹੁੰਦਾ।

ਸ਼ੈਸ਼ਨ ਜੱਜ ਨੂੰ ਹੋਇਆ ਕਰੋਨਾ, ਸਚਿਨ ਤੇਂਦੂਲਕਰ ਵੀ ਪਾਜ਼ੇਟਿਵ। ਇਸ ਖ਼ਬਰ ਦੇ ਕੀ ਮਾਇਨੇ ਹਨ, ਜੋ ਪ੍ਰਭਾਵ ਦੇਣ ਦੀ ਕੋਸ਼ਿਸ਼ ਹੈ ਕਿ, ਦੇਖੋ ਸਚਿਨ ਨੂੰ ਕਰੋਨਾ ਹੋਇਆ, ਸ਼ੈਸ਼ਨ ਜੱਜ ਵੀ ਦਾਖਲ ਹੈ, ..... ਤੂੰ ਕਿਸ ਬਾਗ ਦੀ ਮੂਲੀ ਹੈਂ, ਡਰ ਘਰੇ ਬੈਠ।

ਬਿਮਾਰੀ ਬਾਰੇ ਇਹ ਸੱਚ ਹੈ ਕਿ ਤੇਜ਼ੀ ਨਾਲ ਫੈਲਣ ਵਾਲੀ ਹੈ, ਜੋ ਕਿ ਪਿਛਲੇ ਸਾਲ ਸ਼ੁਰੂ ਤੋਂ ਹੀ ਪਤਾ ਸੀ। ਵਿਸ਼ਵ ਸਿਹਤ ਸੰਸਥਾ ਦਾ ਇਹ ਬਿਆਨ ਕਿ ਤੇਜ਼ੀ ਨਾਲ ਫੈਲਣ ਵਾਲਾ ਵਾਇਰਸ ਹੈ ਪਰ ਤੁਲਨਾਤਮਕ ਘੱਟ ਘਾਤਕ ਹੈ ਜਿਵੇਂ ਇਬੋਲਾ, ਜ਼ੀਕਾ ਜਾਂ ਸਵਾਇਨ ਫਲੂ ਪਰ ਹੁਣ ਇਕ ਸਾਲ ਦੇ ਅੰਕੜਿਆਂ ਦੇ ਮੁਕਾਬਲੇ ਆਪਣੇ ਦੇਸ਼ ਦੀਆਂ ਹੋਰ ਸਿਹਤ ਸਮੱਸਿਆਵਾਂ ਜਿਵੇਂ ਟੀਬੀ, ਏਡਜ਼, ਕੈਂਸਰ ਆਦਿ ਨਾਲ ਵੀ ਲੋਕ ਵੱਧ ਮਰਦੇ ਹਨ। ਸਿੱਖਣ ਦੀ ਗੱਲ ਹੈ ਕਿ ਫੈਲਣ ਤੋਂ ਕਿਵੇਂ ਰੋਕਿਆ ਜਾਵੇ? ਇੱਥੇ ਵੀ ਵਿਸ਼ਵ ਸਿਹਤ ਸੰਸਥਾ ਨੇ ਕਦੇ ਲੌਕਡਾਊਨ ਦੀ ਸਿਫਾਰਸ਼ ਨਹੀਂ ਕੀਤੀ। ਉਨ੍ਹਾਂ ਨੇ ਆਪਣੀ ਤਿਆਰੀ ਲਈ ਕਿਹਾ, ਮਤਲਬ ਸਿਹਤ ਸੇਵਾਵਾਂ ਦੀ ਮੁਸ਼ਤੈਦੀ। ਅਸੀਂ ਇਕ ਸਾਲ ਬਾਅਦ ਫਿਰ ਹਸਪਤਾਲ ਵਿਚ ਬੈਡਾਂ ਨੂੰ ਲੈ ਕੇ, ਆਕਸੀਜਨ ਦੀ ਘਾਟ ਨੂੰ ਲੈ ਕੇ ਚਿੰਤਾ ਪ੍ਰਗਟਾ ਰਹੇ ਹਾਂ। ਇਸ ਹਾਲਤ ਨੂੰ ਵੀ ਲੌਕਡਾਊਨ ਨਾਲ ਜੋੜ ਰਹੇ ਹਾਂ।

ਅਸੀਂ ਇਸ ਗੱਲ ਦਾ ਵਿਸ਼ਲੇਸ਼ਣ ਕਿਉਂ ਨਹੀਂ ਕੀਤਾ ਜਾਂ ਕੀਤਾ ਹੈ ਤਾਂ ਉਸ ਦਾ ਇਸਤੇਮਾਲ ਕਿਉਂ ਕਰ ਰਹੇ ਹਾਂ ਕਿ ਹਰ ਪਾਜ਼ੇਟਿਵ ਕੇਸ ਨੂੰ ਹਸਪਤਾਲ ਦੀ ਲੋੜ ਨਹੀਂ ਹੈ। ਪਾਜ਼ੇਟਿਵ ਕੇਸਾਂ ਵਿਚ ਵਾਇਰਸ ਫੇਫੜਿਆਂ ਤੱਕ ਕਿੰਨੇ ਕੁ ਲੋਕਾਂ ਵਿੱਚ ਪਹੁੰਚਿਆ ਹੈ ਤੇ ਨਿਮੋਨੀਆ ਕਿੰਨੇ ਕੁ ਲੋਕਾਂ ਵਿੱਚ ਵਿਕਸਿਤ ਹੋਇਆ ਹੈ। ਹੋਰ ਬਿਮਾਰੀਆਂ ਦੀ ਤਰ੍ਹਾਂ ਘਰੇ ਰਹਿ ਕੇ ਇਲਾਜ ਦਾ ਤਰੀਕਾ ਕਿਉਂ ਨਹੀਂ ਚੁਣਿਆ ਹੈ ਜਾਂ ਅਪਣਾਇਆ ਜਾ ਰਿਹਾ। ਸਿਹਤ ਸੇਵਾਵਾਂ 'ਤੇ ਬੋਝ ਦੀ ਗੱਲ ਵੀ ਸਵਾਲ ਹੇਠ ਹੈ ਕਿ ਇਕ ਤਾਂ ਸਰਕਾਰੀ ਸਿਹਤ ਸੰਸਥਾਵਾਂ ਪੀ.ਐੱਚ.ਸੀ., ਸੀ.ਐੱਚ.ਸੀ. ਆਦਿ ਤੇ ਕਰੋਨਾ ਕੇਸਾਂ ਨੂੰ ਸੰਭਾਲਣ ਦੀ ਵਿਵਸਥਾ ਨਹੀਂ ਬਣਾਈ ਗਈ, ਇਸ ਲਈ ਸਿਵਲ ਹਸਪਤਾਲ ਜਾਂ ਮੈਡੀਕਲ ਕਾਲਜ ਹੀ ਸਾਰਾ ਭਾਰ ਸੰਭਾਲ ਰਹੇ ਹਨ। ਦੂਸਰਾ ਇਸ ਡਰ ਦੇ ਮਾਹੌਲ ਨੇ ਛੋਟੇ-ਮੋਟੇ ਪ੍ਰਾਈਵੇਟ ਸਿਹਤ ਵਿਵਸਥਾ ਨੂੰ ਵੀ ਪਰੇ ਧੱਕ ਦਿੱਤਾ ਹੈ ਤੇ ਵੱਡੇ ਕਾਰਪੋਰੇਟ ਹਸਪਤਾਲ ਹੀ ਇਸ ਦਾ ਲਾਹਾ ਲੈ ਰਹੇ ਹਨ।

ਇਹ ਗੱਲ ਵੀ ਇਕ ਆਮ ਸੁਣਾਈ ਦਿੰਦੀ ਹੈ ਕਿ ਬਿਮਾਰੀ ਹਲਕੇ ਵਿਚ ਲੈਣ ਵਾਲੀ ਨਹੀਂ ਹੈ। ਲੋਕੀਂ ਮਰ ਵੀ ਤਾਂ ਰਹੇ ਹਨ। ਇਸ ਵਿਚ ਕੋਈ ਇਨਕਾਰ ਨਹੀਂ ਹੈ। ਪਹਿਲੀ ਗੱਲ ਤਾਂ ਕਿਸੇ ਵੀ ਬਿਮਾਰੀ ਨੂੰ ਹਲਕੇ ਵਿਚ ਲਿਆ ਹੀ ਨਹੀਂ ਜਾਣਾ ਚਾਹੀਦਾ। ਹਲਕੀ ਹਾਲਤ ਵੀ ਅਣਗਹਿਲੀ ਕਾਰਨ ਗੰਭੀਰ ਹੋ ਜਾਂਦੀ ਹੈ। ਕੋਈ ਅਣਗਹਿਲੀ ਕਰਦਾ ਹੈ, ਜਿਸ ਨੂੰ ਅਸੀਂ ਇਕ ਮਿੰਟ ਵਿਚ ਗੈਰ ਜ਼ਿੰਮੇਦਾਰ ਕਹਿ ਦਿੰਦੇ ਹਾਂ ਪਰ ਉਸ ਅਣਗਹਿਲੀ ਪਿੱਛੇ ਕੀ ਕਾਰਨ ਹਨ, ਅਸੀਂ ਨਹੀਂ ਜਾਂਦੇ ਤੇ ਸਭ ਤੋਂ ਵੱਡਾ ਕਾਰਨ ਹੈ, ਆਰਥਿਕਤਾ, ਜੇਬ ਵਿਚ ਪੈਸੇ ਨਾ ਹੋਣੇ ਤੇ ਦੂਸਰਾ ਹੈ, ਸਿਹਤ ਸਹੂਲਤਾਂ ਦੀ ਘਾਟ, ਸਭ ਤੱਕ ਬਰਾਬਰ ਪਹੁੰਚ ਨਾ ਹੋਣਾ। ਕੋਈ ਜਾਣ-ਬੁੱਝ ਕੇ, ਖਾਂਸੀ-ਜ਼ੁਕਾਮ ਵੀ ਨਹੀਂ ਚਾਹੁੰਦਾ।

ਜਿਥੋਂ ਤੱਕ ਕਰੋਨਾ ਨਾਲ ਹੋਣ ਵਾਲੀਆਂ ਮੌਤਾਂ ਨੂੰ ਲੈ ਕੇ ਚਰਚਾ ਹੁੰਦੀ ਹੈ ਤਾਂ ਕੀ ਹੋਰ ਬਿਮਾਰੀਆਂ ਨਾਲ ਮੌਤਾਂ ਨਹੀਂ ਹੁੰਦੀਆਂ। ਇਕ ਮੋਟਾ ਮੋਟਾ ਵਿਸ਼ਲੇਸ਼ਣ ਹੈ ਕਿ 80 ਫ਼ੀਸਦੀ ਤੋਂ ਵੱਧ ਮੌਤਾਂ 65 ਸਾਲ ਤੋਂ ਉਪਰ ਹੋ ਰਹੀਆਂ ਹਨ ਤੇ ਉਹ ਵੀ ਜੋ ਕਿਸੇ ਨਾ ਕਿਸੇ ਹੋਰ ਬਿਮਾਰੀ ਤੋਂ ਪਹਿਲਾਂ ਪੀੜਿਤ ਹਨ। ਮੌਤ ਨੂੰ ਤਾਂ ਇੱਕ ਬਹਾਨਾ ਚਾਹੀਦਾ ਹੀ ਹੁੰਦਾ ਹੈ। ਵੈਸੇ ਵੀ ਦੇਸ਼ ਦੀ ਮੌਤ ਦਰ ਦੇ ਮੁਤਾਬਕ, ਸਾਲ ਵਿੱਚ ਤਕਰੀਬਨ 9 ਕਰੋੜ ਲੋਕ ਹਰ ਸਾਲ ਮਰਦੇ ਹਨ। ਕਿਸੇ ਨਾ ਕਿਸੇ ਕਾਰਨ ਤੋਂ, ਹੁਣ ਇਨ੍ਹਾਂ 9 ਕਰੋੜ ਵਿਚੋਂ ਡੇਢ ਲੱਖ ਲੋਕ ਕਰੋਨਾ ਕਰਕੇ ਹਨ, ਉਹ ਵੀ ਅਸਿੱਧੇ ਤੌਰ 'ਤੇ। ਇਹ ਸਥਿਤੀ ਵੀ ਸਮਝਣ ਸਮਝਾਉਣ ਦੀ ਹੈ ਇਹ ਬਿਮਾਰੀ ਜ਼ਰੂਰ ਹੈ ਪਰ ਸਾਡੀ ਜ਼ਿੰਦਗੀ ਦਾ ਹਿੱਸਾ ਹੈ, ਹੋਰ ਬਿਮਾਰੀਆਂ ਵਾਂਗ।

ਅਸੀਂ ਪਹਿਲੇ ਦਿਨ ਤੋਂ ਸੁਣਦੇ ਆਏ ਹਾਂ ਕਿ ਇਸ ਦਾ ਕੋਈ ਇਲਾਜ ਨਹੀਂ ਹੈ। ਬਚਾਅ ਹੀ ਇਲਾਜ ਹੈ। ਬਚਾਅ ਦੇ ਤਰੀਕੇ ਜਾਣੇ ਤੇ ਉਨ੍ਹਾਂ ਨੂੰ ਪ੍ਰਚਾਰਿਆ। ਫਿਰ ਦੇਸ਼ ਦੇ ਪ੍ਰਧਾਨ ਮੰਤਰੀ ਨੇ ਕਿਹਾ, 'ਜਦ ਤਕ ਦਵਾਈ ਨਹੀਂ, ਤਦ ਤਕ ਢਿਲਾਈ ਨਹੀਂ।' ਮਤਲਬ ਸਾਰੇ ਤਰੀਕੇ ਵਰਤੋ।

ਸਿਹਤ ਸੇਵਾਵਾਂ ਦਾ ਇਕ ਬਹੁਤ ਵੱਡਾ ਹਿੱਸਾ ਹੈ, ਸਿਹਤ ਜਾਗਰੂਕਤਾ। ਇਸ ਦੇ ਲਈ ਇਕ ਮਹਿਕਮਾ ਹੈ, ਜੋ ਕਿਤਾਬਚੇ, ਪੈਂਫ਼ਲੈਟ ਛਾਪਦਾ ਹੈ ਤੇ ਪ੍ਰਦਰਸ਼ਨੀਆਂ ਵੀ ਲਗਾਉਂਦਾ ਹੈ। ਸਿਹਤ ਪ੍ਰਚਾਰ, ਜਾਂ ਕੋਈ ਵੀ ਪ੍ਰਚਾਰ ਦੇ ਲਈ, ਅਸੀਂ ਇਕ ਵੱਖਰਾ ਬ੍ਰਾਂਡ ਐਂਬਸਡਰ ਚੁਣਦੇ ਹਾਂ।

**ਬਾਕੀ ਸਫ਼ਾ 25 'ਤੇ**

# ਅੰਗਰੇਜ਼ ਸਰਕਾਰ ਦੀਆਂ ਫਾਈਲਾਂ ਫਰੋਲਦਿਆਂ ਦਿਖਾਈ ਦਿੱਤਾ 'ਸਤਿਜੁਗ'

-ਗੁਰਦੇਵ ਸਿੰਘ ਸਿੱਧੂ

ਨਾਮਧਾਰੀ ਪੰਥ ਵੱਲੋਂ ਸਪਤਾਹਿਕ "ਸਤਿਜੁਗ" ਮਈ 1920 ਵਿਚ ਪ੍ਰਕਾਸ਼ਿਤ ਕੀਤਾ ਜਾਣਾ ਸ਼ੁਰੂ ਹੋਇਆ। ਆਪਣਾ ਪਰਚਾ ਸ਼ੁਰੂ ਕੀਤੇ ਜਾਣ ਦੇ ਕਈ ਕਾਰਨ ਸਨ। ਪਹਿਲਾ ਇਹ ਕਿ ਵੀਹਵੀਂ ਸਦੀ ਦੇ ਦੂਜੇ ਦਹਾਕੇ ਪੰਜਾਬ ਦੀ ਰਾਜਸੀ ਸਥਿਤੀ ਬੜੀ ਵਿਸਫੋਟਿਕ ਬਣੀ ਰਹੀ। 1914 ਵਿੱਚ ਹਿੰਦੁਸਤਾਨ ਦੀ ਅੰਗਰੇਜ਼ ਸਰਕਾਰ ਦੇ ਸੰਸਾਰ ਜੰਗ ਵਿੱਚ ਸ਼ਾਮਲ ਹੋ ਜਾਣ ਕਾਰਨ ਇਕ ਪਾਸੇ ਪੰਜਾਬ ਸਰਕਾਰ ਨੂੰ ਫ਼ੌਜੀ ਭਰਤੀ ਅਤੇ ਫ਼ੌਜੀ ਫੰਡ ਵਾਸਤੇ ਜ਼ੋਰ ਲਾਉਣਾ ਪੈ ਰਿਹਾ ਸੀ ਅਤੇ ਦੂਜੇ ਪਾਸੇ ਅਮਰੀਕਾ ਅਤੇ ਹੋਰ ਟਾਪੂਆਂ ਤੋਂ ਦੇਸ਼ ਪਹੁੰਚ ਕੇ ਆਜ਼ਾਦੀ ਪ੍ਰਾਪਤੀ ਲਈ ਹਥਿਆਰ ਬੰਦ ਜਦੋ-ਜਹਿਦ ਕਰਨ ਲਈ ਪੰਜਾਬ ਪਹੁੰਚੇ ਦੇਸ਼ ਭਗਤਾਂ ਨਾਲ ਨਜਿੱਠਣਾ ਪੈ ਰਿਹਾ ਸੀ। ਜੰਗ ਦੇ ਚੱਲਦਿਆਂ ਹੀ ਸ੍ਰੀ ਮਤੀ ਐਨੀਬੀ ਸੈਂਟ ਨੇ ਹੋਮ ਰੂਲ ਲਹਿਰ ਸ਼ੁਰੂ ਕਰ ਦਿੱਤੀ ਅਤੇ ਝੱਟ ਪਿੱਛੋਂ ਅੰਗਰੇਜ਼ ਸਰਕਾਰ ਦੀ ਨੀਤੀ ਤੋਂ ਨਿਰਾਸ਼ ਹੋ ਕੇ ਮਹਾਤਮਾ ਗਾਂਧੀ ਜੀ ਨੇ ਰੋਲਟ ਐਕਟ ਵਿਰੁੱਧ ਅੰਦੋਲਨ ਸ਼ੁਰੂ ਕਰ ਦਿੱਤਾ। 13 ਅਪ੍ਰੈਲ 1919 ਨੂੰ ਅੰਮ੍ਰਿਤਸਰ ਵਿੱਚ ਜਲਿਆਂ ਵਾਲੇ ਬਾਗ਼ ਵਿੱਚ ਜਨਰਲ ਡਾਇਰ ਵੱਲੋਂ ਕੀਤਾ ਨਰ-ਸੰਹਾਰ ਇਸ ਅੰਦੋਲਨ ਕਾਰਨ ਹੋਇਆ। ਨਾਮਧਾਰੀ ਜੋ ਪਿਛਲੇ ਪੰਜ ਦਹਾਕਿਆਂ ਤੋਂ ਦੇਸ਼ ਦੀ ਆਜ਼ਾਦੀ ਦਾ ਪੈਂਤੜਾ ਲੈਣ ਕਾਰਨ ਸਰਕਾਰੀ ਕਰੋਪੀ ਸਹਿ ਰਹੇ ਸਨ, ਅਜਿਹੇ ਵਿਸਫੋਟਿਕ ਮਾਹੌਲ ਵਿਚ ਕਿਵੇਂ ਖ਼ਾਮੋਸ਼ ਰਹਿ ਸਕਦੇ ਸਨ। ਦੂਜੇ ਸਰਕਾਰ ਪੱਖੀ ਸਿੱਖ ਸੰਸਥਾਵਾਂ ਅਤੇ ਗੁਰਦੁਆਰਿਆਂ ਉੱਤੇ ਕਾਬਜ਼ ਮਹੰਤ ਨਾਮਧਾਰੀਆਂ ਨੂੰ ਨੀਵਾਂ ਵਿਖਾਉਣ ਵਿਚ ਕੋਈ ਕਸਰ ਬਾਕੀ ਨਹੀਂ ਸਨ ਛੱਡ ਰਹੇ। ਅਜਿਹੀ ਸਥਿਤੀ ਵਿਚ ਦੇਸ਼ ਭਗਤ ਸ਼ਕਤੀਆਂ ਦਾ ਐਲਾਨੀਆਂ ਸਾਥ ਦੇਣ ਅਤੇ ਵਿਰੋਧੀਆਂ ਵੱਲੋਂ ਲਾਈਆਂ ਜਾ ਰਹੀਆਂ ਬੇਥਵੀਆਂ ਊਜਾਂ ਦਾ ਉੱਤਰ ਦੇਣ ਲਈ ਆਪਣਾ ਅਖ਼ਬਾਰ ਹੋਣਾ ਜ਼ਰੂਰੀ ਸਮਝਦਿਆਂ ਅਖ਼ਬਾਰ ਪ੍ਰਕਾਸ਼ਿਤ ਕੀਤੇ ਜਾਣ ਦਾ ਫੈਸਲਾ ਹੋਇਆ। ਪ੍ਰਸਿੱਧ ਇਤਿਹਾਸਕਾਰ ਸ. ਸੁਵਰਨ ਸਿੰਘ ਵਿਰਕ ਦੇ ਸ਼ਬਦਾਂ ਵਿਚ "ਤਿੱਖੀ ਹੋ ਰਹੀ ਸਿਆਸੀ ਚੇਤਨਾ ਦੇ ਜੁੱਗ ਵਿਚ .... ਨਾਮਧਾਰੀ ਸਿੱਖੀ ਦੇ ਪਰਚਾਰ ਅਤੇ ਆਪਣੇ ਸਿਆਸੀ ਟੀਚੇ, ਦੇਸ਼ ਦੀ ਆਜ਼ਾਦੀ ਦੀ ਪ੍ਰਾਪਤੀ ਲਈ ਆਪਣੇ (ਨਾਮਧਾਰੀ) ਲੋਕਾਂ ਨੂੰ ਸਿੱਖਿਅਤ ਕਰਨ ਲਈ, ਪੰਜਾਬੀ ਭਾਸ਼ਾ ਅਤੇ ਗੁਰਮੁਖੀ ਲਿਪੀ ਵਿਚ" ਅਖ਼ਬਾਰ ਦੀ ਲੋੜ ਮਹਿਸੂਸ ਕਰਦਿਆਂ "ਸਤਿਜੁਗ" ਦੀ ਪ੍ਰਕਾਸ਼ਨਾ ਆਰੰਭੀ ਗਈ।



ਪ੍ਰਸਿੱਧ ਇਤਿਹਾਸਕਾਰ

ਅਖ਼ਬਾਰ ਦੀ ਪ੍ਰਕਾਸ਼ਨਾ ਨਾਲ ਸੰਬੰਧਿਤ ਕਾਨੂੰਨੀ ਕਾਰਵਾਈ ਅਤੇ ਹੋਰ ਲਿਖਤ ਪੜ੍ਹਤ ਕਰਨ ਵਾਸਤੇ ਸਤਿਗੁਰੂ ਪ੍ਰਤਾਪ ਸਿੰਘ ਜੀ ਦੇ ਛੋਟੇ ਭਾਈ ਸੰਤ ਗੁਰਦਿਆਲ ਸਿੰਘ ਜੀ ਨੂੰ ਜ਼ਿੰਮੇਵਾਰੀ ਸੌਂਪੀ ਗਈ। "ਸਤਿਜੁਗ" ਨਾਉਂ ਅਧੀਨ ਪਰਚੇ ਦਾ ਪ੍ਰਕਾਸ਼ਨ ਸਪਤਾਹਿਕ ਅਖ਼ਬਾਰ ਦੇ ਰੂਪ ਵਿਚ 26 ਮਈ 1920 ਤੋਂ ਸ਼ੁਰੂ ਹੋਇਆ। ਇਸਦੇ ਛਾਪਕ ਅਤੇ ਮੁਦ੍ਰਨ ਸੰਤ ਗੁਰਦਿਆਲ ਸਿੰਘ ਜੀ ਅਤੇ ਸੰਪਾਦਕ ਨਿਰੰਕਾਰ ਸਿੰਘ 'ਚੇਤਨ' ਸਨ। ਜਾਣਕਾਰੀ ਦੇਣ ਦੀ ਮਨਸ਼ਾ ਨਾਲ ਪਹਿਲਾ ਪਰਚਾ ਤਤਕਾਲੀਨ ਅਖ਼ਬਾਰਾਂ ਰਸਾਲਿਆਂ ਨੂੰ ਵੀ ਭੇਜਿਆ ਗਿਆ। ਇਹ ਸੁਭਾਵਿਕ ਸੀ ਕਿ ਨਾਮਧਾਰੀ ਪੰਥ ਦੀਆਂ ਦੇਸ਼ ਪ੍ਰਤੀ ਕੁਰਬਾਨੀਆਂ ਤੋਂ ਜਾਣੂੰ ਅਤੇ ਦੇਸ਼ ਦੀ ਆਜ਼ਾਦੀ ਲਈ ਲਿਖ ਰਹੇ ਅਖ਼ਬਾਰ ਇਸ ਦਾ ਸੁਆਗਤ ਕਰਦੇ। ਅਜਿਹਾ ਇਕ ਪਰਚਾ ਲਾਹੌਰ ਤੋਂ ਛਪਣ ਵਾਲਾ "ਅਕਾਲੀ" ਅਖ਼ਬਾਰ ਵੀ ਸੀ। ਜਦ "ਸਤਿਜੁਗ" ਦੇ ਪ੍ਰਕਾਸ਼ਨ ਬਾਰੇ ਸੂਚਨਾ "ਅਕਾਲੀ" ਅਖਬਾਰ ਦੇ ਪ੍ਰਬੰਧਕਾਂ ਨੂੰ ਮਿਲੀ। ਇਸ ਅਖ਼ਬਾਰ ਦੇ 29 ਮਈ 1920 ਵਾਲੇ ਅੰਕ ਵਿੱਚ ਇਸ ਪਰਚੇ ਦਾ ਸੁਆਗਤ ਕਰਦਿਆਂ ਪਾਠਕਾਂ ਨੂੰ ਇਸਦੇ ਗਾਹਕ ਬਣਨ ਦੀ ਅਪੀਲ ਵਜੋਂ ਇਹ ਸੂਚਨਾ ਪ੍ਰਕਾਸ਼ਿਤ ਕੀਤੀ ਗਈ:

ਸਤਿਜੁਗ

ਜ਼ਮਾਨੇ ਨੇ ਨਾਮਧਾਰੀ ਭਰਾਵਾਂ ਨੂੰ ਵੀ ਕੌਮ ਅਤੇ ਦੇਸ਼ ਦੀ ਸੇਵਾ ਲਈ ਮੈਦਾਨ ਵਿਚ ਉਤਾਰ ਦਿੱਤਾ ਹੈ, ਲਾਹੌਰ ਥੀਂ 'ਸਤਿਜੁਗ' ਨਾਮੀ ਹਫ਼ਤੇ ਵਾਰ ਅਖ਼ਬਾਰ ਇਨ੍ਹਾਂ ਨੇ ਜਾਰੀ ਕਰ ਦਿੱਤਾ ਹੈ। ਪਹਿਲਾ ਪਰਚਾ ਸਾਡੇ ਸਾਹਮਣੇ ਹੈ, ਇਸਦੇ ਲੇਖ ਸੁਤੰਤਰ ਲੇਖਣੀ ਨਾਲ ਲਿਖੇ ਗਏ ਹਨ। 'ਸਤਿਜੁਗ' ਦੇ ਉਦੇਸ਼ ਇਹ ਦੱਸੇ ਹਨ:

ਕੱਢ ਕੇ ਭੁਲੇਖੇ ਸਾਰੇ ਰੱਖ ਦੇਊ ਪੰਥ ਅੱਗੇ,

ਅੱਡੋ ਅੱਡ ਸੱਚ ਅਤੇ ਝੂਠ ਨੂੰ ਨਿਖੇੜੇਗਾ।
ਝੂਠਿਆਂ, ਚੁਗਲਖੋਰਾਂ, ਬੇਈਮਾਨਾਂ, ਝੋਲੀਚੁੱਕਾਂ,
ਅਤੇ ਦੇਸ ਘਾਤਕਾਂ ਦੇ ਪਾਜ ਨੂੰ ਉਘੇੜੇਗਾ।
ਸੱਚ ਅਤੇ ਆਜ਼ਾਦੀ ਦਾ ਝੰਡਾ ਪਕੜ ਹੱਥ ਵਿੱਚ,
ਜਿਧਰ ਨੂੰ ਜਾਵੇਗਾ ਜ਼ਰੂਰ ਫਤੇ ਪਾਵੇਗਾ।

ਇਸਦੇ ਪ੍ਰਬੰਧਕ ਸ੍ਰੀ ਮਾਨ ਭਾਈ ਗੁਰਦਿਆਲ ਸਿੰਘ ਜੀ ਹਨ ਅਤੇ ਐਡੀਟਰ ਭਾਈ ਨਿਰੰਕਾਰ ਸਿੰਘ ਜੀ 'ਚੇਤਨ' ਹਨ। ਅਸੀਂ ਆਪਣੇ ਭਰਾ 'ਸਤਿਜੁਗ' ਨੂੰ 'ਜੀ ਆਇਆਂ ਨੂੰ' ਆਖਦੇ ਹਾਂ ਅਤੇ ਸੰਗਤਾਂ ਨੂੰ ਇਸਦੀ ਖਰੀਦਦਾਰੀ ਲਈ ਦਿਲੀ ਪਰੇਰਨਾ ਕਰਦੇ ਹਾਂ। ਇਸਦਾ ਸਾਲਾਨਾ ਚੰਦਾ 4 ਰੁਪਏ ਬਾਰਾਂ ਆਨੇ ਹੈ। ਦਰਖ਼ਾਸਤਾਂ ਮੈਨੇਜਰ "ਸਤਿਜੁਗ" ਲਾਹੌਰ ਦੇ ਨਾਮ ਆਉਣ।"

"ਸਤਿਜੁਗ" ਦਾ ਮਨੋਰਥ "ਸੱਚ ਅਤੇ ਆਜ਼ਾਦੀ ਦਾ ਝੰਡਾ" ਬੁਲੰਦ ਕਰਨਾ ਸੀ, ਜਿਸਦੀ ਪ੍ਰਾਪਤੀ ਲਈ ਇਹ ਆਰੰਭ ਤੋਂ ਹੀ ਅੰਗਰੇਜ਼ ਸਰਕਾਰ ਦੀ ਗੁਲਾਮੀ ਖਿਲਾਫ਼ ਚੇਤਨਾ ਪੈਦਾ ਕਰ ਰਿਹਾ ਸੀ। ਇਸ ਕਾਰਨ ਇਹ ਕਿਵੇਂ ਹੋ ਸਕਦਾ ਸੀ ਕਿ ਇਹ ਪੰਜਾਬ ਸਰਕਾਰ ਦੀਆਂ ਨਜ਼ਰਾਂ ਦਾ ਰੋੜ ਬਣੇ। ਫਲਸਰੂਪ ਜਲਦੀ ਇਹ ਸਰਕਾਰੀ ਕਰੋਪੀ ਦਾ ਸ਼ਿਕਾਰ ਹੋਣਾ ਸ਼ੁਰੂ ਹੋ ਗਿਆ। ਇਸ ਵਿੱਚ ਛਪਦੀ ਸਮੱਗਰੀ ਦਾ ਅਧਿਐਨ ਕਰਨ ਪਿੱਛੋਂ ਦਸੰਬਰ 1920 ਵਿੱਚ ਹੀ "ਸਤਿਜੁਗ" ਨੂੰ ਉਹਨਾਂ ਅਖ਼ਬਾਰਾਂ ਰਸਾਲਿਆਂ ਦੀ ਸੂਚੀ ਵਿਚ ਸ਼ਾਮਲ ਕਰ ਲਿਆ ਗਿਆ, ਜਿਨ੍ਹਾਂ ਨੂੰ ਸਰਕਾਰੀ ਇਸ਼ਤਿਹਾਰ ਨਹੀਂ ਸੀ ਦਿੱਤੇ ਜਾਣੇ। ਜਦੋਂ ਪੰਜਾਬ ਸਰਕਾਰ ਨੇ ਸੈਨਿਕਾਂ ਉੱਤੇ ਅਖਬਾਰਾਂ ਦੁਆਰਾ ਪਾਏ ਜਾ ਰਹੇ ਬਾਗ਼ੀਆਨਾ ਪ੍ਰਭਾਵ ਦਾ ਲੇਖਾ-ਜੋਖਾ ਕੀਤਾ ਤਾਂ ਕੁੱਝ ਅਖਬਾਰਾਂ ਦੀ ਛਾਉਣੀਆਂ ਵਿਚ ਪਹੁੰਚਣ ਉੱਤੇ ਪਾਬੰਦੀ ਲਾਈ ਗਈ। ਸੁਭਾਵਿਕ ਹੀ ਅਜਿਹੇ ਅਖ਼ਬਾਰਾਂ ਰਸਾਲਿਆਂ ਦੀ ਸੂਚੀ ਵਿਚ "ਸਤਿਜੁਗ" ਦਾ ਨਾਂ ਵੀ ਸ਼ਾਮਲ ਸੀ। ਇਹ ਹੁਕਮ ਹਮੇਸ਼ਾ ਲਾਗੂ ਰਹੇ।

**ਪ੍ਰਕਾਸ਼ਨ ਨਾਲ ਸੰਬੰਧਿਤ ਮਾਲਕ, ਸੰਪਾਦਕ, ਛਾਪਕ ਅਤੇ ਮੁਦ੍ਰਿਕ ਖਿਲਾਫ਼ ਸਰਕਾਰੀ ਕਾਰਵਾਈਆਂ:**

ਅਖ਼ਬਾਰ ਦੀ ਸਰਕਾਰ ਵਿਰੋਧ ਸੁਰ ਕਾਰਨ ਪ੍ਰਸ਼ਾਸਨ ਵੱਲੋਂ ਸਮੇਂ-ਸਮੇਂ ਇਸਦੇ ਮਾਲਕ, ਪ੍ਰਕਾਸ਼ਕ ਅਤੇ ਮੁਦ੍ਰਕ ਨੂੰ ਤਾੜਨਾ ਹੁੰਦੀ ਰਹੀ, ਜਿਸ ਵਿੱਚੋਂ ਕੁੱਝ ਕੁ ਇਹ ਸਨ:

- 8 ਦਸੰਬਰ 1920 ਦੇ ਅੰਕ ਵਿੱਚ ਕਵਿਤਾ ਛਪੀ "ਹੁਣ ਛੱਡ ਦੇਵੋ ਭਾਈਚਾਰਾ ਨੌਕਰ ਸ਼ਾਹੀ ਦਾ", ਜਿਸ ਵਿਚ ਜਨਤਾ ਨੂੰ ਸਰਕਾਰੀ ਕਰਮਚਾਰੀਆਂ ਨਾਲ ਨੇੜਤਾ ਨਾ ਬਣਾਉਣ ਦੀ ਅਪੀਲ ਕੀਤੀ ਗਈ ਸੀ। ਸਰਕਾਰ ਨੇ ਇਸ ਕਵਿਤਾ ਨੂੰ ਇਤਰਾਜ਼ ਯੋਗ ਐਲਾਨਿਆ ਅਤੇ ਡਿਪਟੀ ਕਮਿਸ਼ਨਰ, ਲਾਹੌਰ ਵੱਲੋਂ ਅਖ਼ਬਾਰ ਦੀ ਪ੍ਰਕਾਸ਼ਨਾ ਦੇ ਜ਼ਿੰਮੇਵਾਰ ਸਾਰੇ ਵਿਅਕਤੀਆਂ ਨੂੰ ਤਾੜਨਾ ਕੀਤੀ ਗਈ।
- ਸਾਲ 1922 ਵਿੱਚ ਫਿਰ ਅਜਿਹਾ ਵਾਪਰਿਆ। 18 ਜਨਵਰੀ ਦੇ ਅੰਕ ਵਿਚ ਛਪੇ ਲੇਖ "ਦੇਸ਼ ਭਗਤ ਵਲੰਟੀਅਰ" ਛਪਿਆ ਜਿਸ ਵਿੱਚ ਹਰ ਕਿਸੇ ਨੂੰ ਦੇਸ਼ ਸੇਵਾ ਵਿਚ ਹਿੱਸਾ ਪਾਉਣ ਦੀ ਅਪੀਲ ਕੀਤੀ ਗਈ ਸੀ। ਸਰਕਾਰ ਵੱਲੋਂ ਇਸ ਲੇਖ ਨੂੰ ਉਕਸਾਊ ਮੰਨਿਆ ਗਿਆ ਤਾਂ ਡਿਪਟੀ ਕਮਿਸ਼ਨਰ ਲਾਹੌਰ ਵੱਲੋਂ ਸੰਪਾਦਕ, ਸੰਤ ਨਿਧਾਨ ਸਿੰਘ 'ਆਲਮ' ਨੂੰ ਤਾੜਨਾ ਕੀਤੀ ਗਈ।
- ਪੰਦਰਾਂ ਸਾਲ ਪਿੱਛੋਂ ਤਾੜਨਾ ਦਾ ਭਾਗੀ ਬਣਨ ਦੀ ਵਾਰੀ ਨਾਮਧਾਰੀ ਪੰਥ ਦੀ ਆਈ। ਜਦ 12 ਅਗਸਤ 1937 ਦੇ ਅੰਕ ਵਿਚਲੀ ਇਤਰਾਜ਼ ਯੋਗ ਲਿਖਤ ਕਾਰਨ ਡਿਪਟੀ ਕਮਿਸ਼ਨਰ, ਲੁਧਿਆਣਾ ਵੱਲੋਂ "ਸਤਿਜੁਗ" ਦੇ ਮਾਲਕ ਨਾਮਧਾਰੀ ਪੰਥ ਨੂੰ ਤਾੜਨਾ ਕੀਤੀ ਗਈ।
- 28 ਨਵੰਬਰ 1940 ਵਾਲੇ ਅੰਕ ਵਿਚ ਨਾ-ਮਿਲਵਰਤਨ ਬਾਰੇ ਇਕ ਲੇਖ ਛਪਿਆ। ਇਸ ਲੇਖ ਵਿਚ ਕਾਂਗਰਸ ਦੁਆਰਾ ਸ਼ੁਰੂ ਕੀਤੀ ਨਾ-ਮਿਲਵਰਤਨ ਲਹਿਰ ਦੀ ਪ੍ਰੋੜਤਾ ਕੀਤੀ ਗਈ ਸੀ ਅਤੇ ਕਿਹਾ ਗਿਆ ਸੀ ਕਿ ਲਹਿਰ ਮੁਲਕ ਵਿਚ ਹਰਮਨ ਪਿਆਰੀ ਹੋ ਰਹੀ ਹੈ। ਸਰਕਾਰ ਨੇ ਇਸ ਲੇਖ ਨੂੰ ਇਤਰਾਜ਼ਯੋਗ ਗਰਦਾਨਿਆ ਅਤੇ ਡਿਪਟੀ ਕਮਿਸ਼ਨਰ ਲੁਧਿਆਣਾ ਵੱਲੋਂ ਤਤਕਾਲੀਨ ਸੰਪਾਦਕ 'ਸਤਿਜੁਗ', ਸੰਤ ਇੰਦਰ ਸਿੰਘ ਚੱਕਰਵਰਤੀ ਨੂੰ ਤਾੜਨਾ ਕੀਤੀ।

ਜਦ ਕਿਸੇ ਨੂੰ ਤੰਗ ਕਰਨਾ ਹੀ ਹੋਵੇ ਤਾਂ "ਰੋਟੀ ਖਾਂਦੇ ਦੀ ਦਾਹੜੀ ਹਿੱਲਣ ਨੂੰ" ਔਗਣ ਦੱਸਣ ਵਾਂਗ ਕੋਈ ਨਾ ਕੋਈ ਬਹਾਨਾ ਲੱਭ ਹੀ ਲਿਆ ਜਾਂਦਾ ਹੈ ਅਤੇ "ਸਤਿਜੁਗ" ਨਾਲ ਵੀ ਅਜਿਹਾ ਹੀ ਹੋਇਆ। ਉਦਾਹਰਨ ਵੱਜੋਂ-

- 1932 ਵਿੱਚ ਛਪੇ ਪ੍ਰਕਾਸ਼ਨ ਵੇਰਵੇ ਨੂੰ ਨੁਕਸ ਦਾਰ ਦੱਸ ਕੇ ਛਾਪਕ ਅਤੇ ਪ੍ਰਕਾਸ਼ਕ ਨੂੰ ਤਾੜਨਾ ਕੀਤੀ ਗਈ।
- ਕਿਹਾ ਗਿਆ ਕਿ ਮਾਰਚ 1938 ਵਿੱਚ ਛਾਪਕ ਅਤੇ ਪ੍ਰਕਾਸ਼ਕ ਵਜੋਂ ਉਹਨਾਂ ਲਿਖੇ ਗਏ ਜਿਨ੍ਹਾਂ ਨੇ ਡੈਕਲੇਰੇਸ਼ਨ ਨਹੀਂ ਸੀ ਭਰਿਆ, ਇਸ ਦੋਸ਼ ਲਈ ਦੋਵਾਂ ਨੂੰ ਤਾੜਨਾ ਕੀਤੀ ਗਈ।
- ਸਰਕਾਰ ਨੇ "ਸਤਿਜੁਗ" ਨੂੰ ਕੇਵਲ ਤਾੜਨਾਵਾਂ ਦੇ

ਕੇ ਸਬਰ ਨਹੀਂ ਕੀਤਾ ਸਗੋਂ ਮਾਇਕ ਹਰਜਾ ਵੀ ਪਹੁੰਚਾਇਆ। 1936 ਵਿਚ 1931 ਦੇ ਇੰਡੀਅਨ ਪ੍ਰੈੱਸ (ਐਮਰਜੰਸੀ ਪਾਵਰਜ਼) ਐਕਟ 23 ਅਧੀਨ ਅਖਬਾਰ ਅਤੇ ਪ੍ਰੈੱਸ ਦੋਵਾਂ ਤੋਂ ਪੰਜ ਪੰਜ ਸੌ ਦੀ ਜ਼ਮਾਨਤ ਮੰਗੀ ਗਈ, ਨਤੀਜੇ ਵਜੋਂ ਇਸ ਹੁਕਮ ਦੀ ਲੋਅ ਵਿਚ 22 ਫਰਵਰੀ 1936 ਨੂੰ ਇਕ ਹਜ਼ਾਰ ਰੁਪਏ ਦੀ ਰਾਸ਼ੀ ਜਮ੍ਹਾਂ ਕਰਵਾਈ ਗਈ। 1932 ਵਿਚ ਹਿੰਦੁਸਤਾਨ ਸਰਕਾਰ ਵੱਲੋਂ ਦੇਸ ਵਿੱਚ ਛਪਣ ਵਾਲੇ ਅਖਬਾਰਾਂ ਰਸਾਲਿਆਂ ਦੇ ਵੇਰਵੇ ਵਿੱਚ "ਸਤਿਜੁਗ" ਬਾਰੇ ਦਰਜ ਜਾਣਕਾਰੀ ਇਉਂ ਹੈ:

- ਅਖ਼ਬਾਰ ਦਾ ਨਾਉਂ: ਸਤਿਜੁਗ
- ਭਾਸ਼ਾ: ਗੁਰਮੁੱਖੀ
- ਪ੍ਰਕਾਸ਼ਨ ਸਥਾਨ: ਭੈਣੀ ਸਾਹਿਬ, ਜ਼ਿਲਾ ਲੁਧਿਆਣਾ
- ਛਾਪਾ ਖਾਨਾ: ਸਤਿਗੁਰੂ ਰਾਮ ਹਰੀ ਪ੍ਰੈੱਸ
- ਪ੍ਰੈੱਸ ਮਾਲਕ ਦਾ ਨਾਂ ਅਤੇ ਡੈਕਲੇਰੇਸ਼ਨ ਦੀ ਮਿਤੀ: ਬਲਵੰਤਸਿੰਘ, (ਬਲਵੰਤ ਸਿੰਘ ਦੇ ਪਿਤਾ ਦਾ ਨਾਉਂ ਵਧਾਵਾ ਸਿੰਘ ਪਿੰਡ ਭੈਣੀ ਸੀ), 4 ਜੂਨ 1929
- ਮਿਆਦ: ਸਪਤਾਹਿਕ
- ਸਾਲਾਨਾ ਚੰਦਾ: 4 ਰੁਪਏ
- ਛਪਣ ਗਿਣਤੀ: 600
- ਮਾਲਕ: ਗੁਰਦੁਆਰਾ ਭੈਣੀ ਸਾਹਿਬ ਦਾ ਨਾਮਧਾਰੀ ਪੰਥ
- ਸੰਪਾਦਕ: ਸੰਤ ਬਲਵੰਤ ਸਿੰਘ
- ਛਾਪਕ ਅਤੇ 1867 ਦੇ ਐਕਟ 23 ਦੀ ਧਾਰਾ 5 ਅਧੀਨ ਡੈਕਲੇਰੇਸ਼ਨ ਦੀ ਮਿਤੀ: ਨੰ:9, ਮਿਤੀ 22 ਨਵੰਬਰ 1927
- ਮੁਦ੍ਰਕ ਅਤੇ 1867 ਦੇ ਐਕਟ 23 ਦੀ ਧਾਰਾ 5 ਅਧੀਨ ਡੈਕਲੇਰੇਸ਼ਨ ਦੀ ਮਿਤੀ: ਨੰ:9, ਮਿਤੀ 7 ਅਪ੍ਰੈਲ 1927
- ਆਮ ਟਿੱਪਣੀ: ਕੂਕਾ ਸਿੱਖਾਂ ਦਾ ਅਖਬਾਰ, ਤਿੱਖੀ ਸੁਰ ਵੱਲ ਝੁਕਾ, 1920 ਅਤੇ 1922 ਵਿੱਚ ਤਾੜਨਾ, 1920 ਵਿੱਚ ਕਾਲੀ ਸੂਚੀ ਵਿਚ ਦਰਜ, 1924 ਵਿੱਚ ਛਪਣਾ ਬੰਦ, 1926 ਵਿਚ ਸ਼ੁਰੂ, ਇਸ ਹੀ ਸਾਲ ਫਿਰ ਛਪਣਾ ਬੰਦ , 1927 ਵਿਚ ਮੁੜ ਸ਼ੁਰੂ।

ਸਰਕਾਰੀ ਕਰੋਪੀ ਕਾਰਨ ਅਖ਼ਬਾਰ ਨੂੰ ਬੰਦ ਕੀਤੇ ਜਾਣ ਪਿੱਛੋਂ ਦੁਬਾਰਾ ਸ਼ੁਰੂ ਕੀਤੇ ਜਾਣ ਕਾਰਨ ਪ੍ਰੈੱਸ ਡੇਕਲੇਰੇਸ਼ਨ ਅਤੇ ਮੁਦ੍ਰਨ ਦੀਆਂ ਮੂਲ ਮਿਤੀਆਂ ਬਦਲ ਗਈਆਂ।

**ਸੂਚਨਾ ਸਰੋਤ:**


Home Political 1921, Proceedings No. 40-43
Home Political 1922, F. 188/IV KW
Home Political 1925, F. 174
Home Political 1932, F. 230
Home Political 1935, F.53-1
Home Political 1940, F. 18/12
Home Political 1942, F. 45/1 KW


.................................................

**ਬਾਕੀ ਸਫ਼ਾ 22 ਦੀ**

**ਜੇ ਲੌਕਡਾਊਨ ਹੀ ਹੱਲ................**

ਉਹ ਚਿਹਰਾ ਜਿਸ ਨੂੰ ਦੇਖ ਕੇ, ਜਿਸ ਦੀਆਂ ਹਿਦਾਇਤਾਂ ਨੂੰ ਉਹ ਮੰਨਣ ਅਤੇ ਅਪਨਾਉਣ। ਉਹ ਚਾਹੇ ਪ੍ਰਧਾਨ ਮੰਤਰੀ ਹੀ ਕਹੇ ਜਾਂ ਰਾਜ ਦਾ ਮੁੱਖ ਮੰਤਰੀ।

ਸਿਹਤ ਜਾਗਰੂਕਤਾ ਵਾਲੇ ਆਗੂ ਦੀ ਇਕ ਵੱਡੀ ਸ਼ਰਤ ਹੈ ਕਿ ਉਸ ਦਾ ਆਪਣਾ ਕਿਰਦਾਰ ਦੋਗਲਾ ਨਾ ਹੋਵੇ। ਰਾਜਨੇਤਾਵਾਂ ਪ੍ਰਤੀ ਕੀ ਇਹ ਪੂਰੇ ਧੜੱਲੇ ਨਾਲ ਕਿਹਾ ਜਾ ਸਕਦਾ ਹੈ? ਸ਼ਾਇਦ ਨਹੀਂ, ਇਸੇ ਲਈ ਪ੍ਰਧਾਨ ਮੰਤਰੀ ਦੀ ਕਾਵਿਕ ਤੁਕਬੰਦੀ ਇਸ ਤਰ੍ਹਾਂ ਸਾਹਮਣੇ ਆਉਂਦੀ ਹੈ ਕਿ ਜਦੋਂ ਤਕ ਦਵਾਈ ਨਹੀਂ, ਉਦੋਂ ਤਕ ਢਿਲਾਈ ਨਹੀਂ ਪਰ ਜਿੱਥੇ ਚੋਣਾਂ ਨੇ, ਉਥੇ ਇਹ ਅਪਲਾਈ ਨਹੀਂ।

ਮੁੱਕਦੀ ਗੱਲ ਹੈ ਕਿ ਬਿਮਾਰੀ ਹੋਵੇ ਜਾਂ ਕੋਈ ਵੀ ਅਜਿਹੀ ਆਪਾਤ ਸਥਿਤੀ, ਅਸੀਂ ਪੁਰਾਣੇ ਤਜ਼ਰਬਿਆਂ ਦੇ ਆਧਾਰ ਤੇ ਕਾਰਜਸ਼ੀਲ ਹੁੰਦੇ ਹਾਂ। ਕੰਮ ਕਰਦੇ ਹੋਏ ਅਸੀਂ ਹੋਰ ਬਹੁਤ ਕੁਝ ਸਿੱਖਦੇ ਹਾਂ ਜੋ ਸਾਨੂੰ ਭਵਿੱਖ ਵਿਚ ਚੰਗੇ ਕਦਮ ਪੁੱਟਣ ਵਿਚ ਮਦਦਗਾਰ ਹੁੰਦਾ ਹੈ। ਸਾਡੇ ਮਨੁੱਖੀ ਵਿਕਾਸ ਅਤੇ ਸੰਘਰਸ਼ ਦੀ ਗਾਥਾ ਦਾ ਇਹੀ ਨਿਚੋੜ ਹੈ। ਅੱਜ ਵੀ ਇਸੇ ਸਮਝ ਦੀ ਲੋੜ ਹੈ ਪਰ ਇਸ ਦੇ ਲਈ ਵਿਗਿਆਨਕ ਸੂਝ ਪਰਖ਼ ਦਾ ਸਹਾਰਾ ਲੈਣਾ ਪੈਂਦਾ ਹੈ, ਜੋ ਕਿ ਰਾਜਨੇਤਾਵਾਂ ਕੋਲ ਨਹੀਂ ਹੁੰਦੀ ਜਾਂ ਉਹ ਇਸ ਰਾਹ 'ਤੇ ਤੁਰਦੇ ਨਹੀਂ, ਕਿਉਂਕਿ ਇਹ ਉਨ੍ਹਾਂ ਦੀ ਫ਼ਿਤਰਤ ਦੇ ਖਿਲਾਫ਼ ਜਾਂਦੀ ਹੈ, ਜਿਸ ਤਰ੍ਹਾਂ ਦੇ ਲਾਭ-ਲਾਹੇ ਉਨ੍ਹਾਂ ਨੇ ਲੈਣੇ ਹੁੰਦੇ ਹਨ।

.................................................

## The Balmiki of the Namdhari Panth - Sri Maan Baba Benka Ji Laba Lab

Nidhan Singh Aalam
Translation Jawand Singh U.K.

Sri Satguru Balak Singh Ji, the eleventh Satguru has created a magnificent lake for society to learn about Gursikhi. It is a place where you learn about God's name, charity an self-cleaning (Naam, Daan, Ishnaan). It is a place where you learn about the truth, contentment, compassion, meditation, concentration and detachment. Like the relationship between a swan and a lake and the relationship between the fish and water, such is the relationship between the Gursikh and Satguru Ji. Within the company of the saints was a saint known as Sri Maan Baba Benka Ji Labaa Labb.



We are very lucky that we are getting the chance to read about such a great saint, who understood the essence of his beloved Satguru's teachings. With this in mind, whoever reads this will surely benefit. The history of Baba Benka Ji was narrated by Sri Maan Baba Vazir Singh Ji, Hazro. Baba Benka Ji was an exhilarated and carefree, simple man. After asking for the Gur Mantar and coming in the sanctuary of Satguru Balak Singh Ji's court, they became free from the shackles of Maya (illusion). Such that, they would continuously repeat the words "Labaa Labb Labaa Labb" as 24/7 his mind was attuned to a higher frequency.

He was born in the Village Milah, which is 8 miles from Hazoro Sahib on Sammat 1851 Bikrami. In this village lived Sri Maan Baba Kahn Singh Ji, who was Satguru Balak Singh Ji's nephew, who later became one of Satguru Ram Singh Ji's Suba (a head, appointed for supervising management of a particuar area). Baba Kahn Singh Ji's daughter was married into the household of Bhai Hari Chand Ji. Due to both men (Baba Benka Ji and Bhai Hari Chand) living in the same village, as well as Bhai Hari Chand Ji, being a Sikh of Satguru Balak Singh Ji, their conversations would revolve around doing Sikhism, which had an effect on Baba Benka Ji. He would always ask Bhai Hari Chand to take him to do the Darshan (blessed sight) of Satguru Balak Singh Ji. He would

say “I would be in your debt”. He would always be thinking, ''I am full of demerits and mistakes and with the touch of Satguru Ji's charan (lotus feet), even someone like me would become righteous''.

**ਬੰਧਨ ਕਾਟਿ ਬਿਸਾਰੇ ਅਉਗਨ ਅਪਨਾ ਬਿਰਦੁ ਸਮ੍ਹਾਰਿਆ॥**

He (God) has cut away my bonds, and overlooked my shortcomings, and so He has confirmed His nature.

ਪੰਨਾ ੩੨੮ ਰਾਗ ਆਸਾ Panna 328 Raag Asa

Baba Benka Ji said to himself, ''I will only have full faith in Satguru Balak Singh Ji if they can save a great sinner like me. I have seen them bless many others, however, not someone as downtrodden as me''. Every day his longing to see Satguru Ji increased. One day that blessed moment arrived and merely by doing Darshan (that is, by seeing Satguru Hari Singh Ji), Baba Benka Ji's mind arrived at a state of natural peace and he felt that he had reached a predestined place of rest. Then Bhai Hari Chand narrated to Satguru Balak Singh Ji about Baba Benka Singh Ji's love and longing to do Darshan.

Satguru Balak Singh Ji upon hearing this, said to him “Tell me what do you need?” Baba Benka Ji replied and requested with both hands folded ''I want to receive Naam (God's Name), bless me with Naam and make me yours. Bless me with devotion''. Satguru Ji noticed that his vessel (mind) is pure and he is worthy. Satguru Balak Singh Ji blessed him with Naam, which cures all diseases. Whether those be physically or mentally.

**ਸਰਬ ਰੋਗ ਕਾ ਅਉਖਦੁ ਨਾਮੁ॥**

The Naam is the panacea, the remedy to cure all ills.

ਪੰਨਾ ੨੭੪ ਰਾਗ ਗਉੜੀ Panna 274 Raag Gauri

After receiving the Gur Mantar, he reached an transcendental state. All those who witnessed him were astonished. Day by day, Baba Benka Ji's spiritual state developed to such a level, that one day he set up three Assans (seats) and would say **“Come and sit Guru Balak Singh Ji, come sit Guru Ram Singh Ji, come sit Baba Budh Singh Ji”** (who many years later became Satguru Hari Singh Ji). All who witnessed this were shocked as they did not know who Guru Ram Singh Ji or Baba Budh Singh Ji was. Only later, they realised that Baba Ji was predicting the future of who would be sitting on the Gurgaddi (Guru's throne) many years in advance, however, at the time everyone thought he was insane. Time and time again, the Guru's true Sikh is misunderstood as they can see the unseen (which others cannot comprehend). This is why we remember Baba Ji as Balmiki who was a saint, who prior predicted the coming of Sri Ram Chandar Ji and their life history (known as Ramayan) ten thousand years ago. This can only happen to those who are truly blesses Satguru Ji, otherwise these feats of spirituality would be and are impossible.

**Let us all bow our heads in reverence and say Dhan Satguru Balak Singh Ji, who created The Balmiki of the Namdhari Panth — Sri Maan Baba Benka Ji Labaa Labb.**

# ਬੀਤੇ ਦੀਆਂ ਪੈੜਾਂ- ਕਵੀ ਪ੍ਰੀਤਮ ਸਿੰਘ

## (ਅਣਛਪਿਆ-ਭਾਗ)

### (ਪਿਛਲੇ ਅੰਕ ਤੋਂ ਅੱਗੇ)

ਪਿੰਕੀ ਤੋਂ ਮੈਨੂੰ ਪਤਾ ਲੱਗਾ ਕਿ ਬੀਤੀ ਰਾਤੀਂ ਡੈਨਮਾਰਕ ਵਾਲੇ ਸੁਖਦੇਵ ਸਿੰਘ ਸ੍ਰੀ ਸਤਿਗੁਰੂ ਜੀ ਨਾਲ ਸੰਪਰਕ ਕਰਨ ਵਿੱਚ ਸਫਲ ਹੋ ਗਏ, 10 ਤੋਂ 11 ਵਜੇ ਦੇ ਅੰਦਰ ਉਨ੍ਹਾਂ ਸਤਿਗੁਰੂ ਜੀ ਨਾਲ ਫੋਨ ਵਾਰਤਾ ਕੀਤੀ।

**ਸੇਠ ਚਾਵਲਾ ਦੇ ਬੰਗਲੇ** - ਜਦੋਂ ਮੈਂ ਸਚਿਆਨ ਕੋਰਟ ਤੋਂ ਵਿਹਲਾ ਹੋ ਆਪਣੇ ਡੇਰੇ ਤੇ ਸ੍ਰੀ ਸਤਿਗੁਰੂ ਜੀ ਦੇ ਨਿਵਾਸ ਸੁਰੰਮ੍ਰਿਤ ਸਿੰਘ ਸੇਠ ਦੇ ਬੰਗਲੇ ਪੁੱਜਾ, ਰਾਤ ਅੱਧੀ ਹੋਣ ਨੂੰ ਸੀ। ਬੰਗਲੇ ਅੰਦਰ ਪੂਰਨ ਚੁੱਪ ਦਾਨ ਸੀ। ਹਲਕੀ ਜਿਹੀ ਰੋਸ਼ਨੀ ਚੁਤਰਫੀਂ ਛਾਏ ਅੰਧੇਰੇ ਨੂੰ ਵਿਸਮਾਦੀ ਬਣਾ ਰਹੀ ਸੀ। ਸ੍ਰੀ ਸਤਿਗੁਰੂ ਜੀ ਦੇ ਸੇਵਕ ਬਲਦੇਵ ਸਿੰਘ ਨੂੰ ਜ਼ੀਨੇ ਵਿੱਚ ਬੈਠਾ ਅਤੇ ਊਂਘਦਿਆਂ ਹੋਇਆਂ ਤੱਕਿਆ। ਨੀਂਦ ਉਹਦੇ ਤੇ ਭਾਰੂ ਸੀ। ਸ਼ਾਇਦ ਉਹ ਇਸ ਮੌਕੇ ਪਹਿਰੂ ਦੀ ਡਿਉਟੀ ਦੇ ਰਿਹਾ ਹੋਵੇ ਅਤੇ ਜਦ ਮੈਂ ਜ਼ੀਨਾ ਚੜ੍ਹ ਆਪਣੇ ਕਮਰੇ ਦੇ ਵਿਹੜੇ ਵਿੱਚ ਸਾਂ ਤਾਂ ਸ੍ਰੀ ਸਤਿਗੁਰੂ ਜੀ ਦੀ ਆਵਾਜ਼ ਸੁਣਾਈ ਦਿੱਤੀ। ਆਪ ਜੀ ਸ. ਮਨਚੰਦਾ ਨੂੰ ਕਹਿ ਰਹੇ ਸਨ ਕਿ ਬਲਦੇਵ ਨੂੰ ਆਪ ਜੀ ਪਾਸ ਭੇਜ ਦੇਵੇ।

ਜਾਪਦਾ ਹੈ ਅੱਜ ਕੱਲ ਸੱਚੇ ਪਾਤਸ਼ਾਹ ਜੀ 12 ਵਜੇ ਰਾਤ ਦੇ ਲਾਗੇ ਚਾਗੇ ਬਿਰਾਜਦੇ ਹਨ। ਜਦੋਂ ਕਿ ਸਵੇਰੇ ਅੰਮ੍ਰਿਤ ਵੇਲੇ ਉੱਠ ਸ਼ਨਾਨ ਪਾਣੀ ਕਰ ਆਸਾ ਦੀ ਵਾਰ ਦੇ ਦੀਵਾਨ ਵਿੱਚ ਵੀ ਉਪਸਥਿਤ ਹੋਣਾ ਹੁੰਦਾ ਹੈ।

**ਗਿਆਨੀ ਜੀ ਦਾ ਵਿਸਵਿਸਾ** - ਮੈਂ ਸੁਅਵਸਰ ਵੇਖ ਸਚਿਆਨ ਕੋਰਟ ਗਿਆਂ ਗਿਆਨੀ ਹਰਬੰਸ ਸਿੰਘ ਨੂੰ ਪੁੱਛ ਹੀ ਲਿਆ ਕਿ ਕੀ ਹਰਜ਼ ਹੈ ਜੋ ਤੁਸੀਂ ਸੇਠ ਜਸਪਾਲ ਸਿੰਘ ਗੋਰੇਵਾੜੀ ਦੀ ਦੋ ਮਹੀਨੇ ਲਈ ਪ੍ਰਧਾਨਗੀ ਪਰਵਾਨ ਕਰ ਲਵੋ। ਜੇ ਤੁਸੀਂ ਨਾ ਵੀ ਤਕਸੀਮ ਕਰੋ ਤਾਂ ਕਾਨੂੰਨੀ ਤੌਰ 'ਤੇ ਉਹੋ ਹੀ ਪ੍ਰਧਾਨ ਹੈ। ਜ਼ਿਦਬਾਦ ਨੂੰ ਜੇ ਸਾਰੇ ਹੀ ਛੱਡ ਦੇਣ ਤਾਂ ਮਸਲਾ ਹੱਲ ਹੋ ਜਾਵੇ। ਗਿਆਨੀ ਜੀ ਮੇਰੀ ਗੱਲ ਮੰਨ ਤਾਂ ਗਏ ਪਰ ਕਹਿਣ ਲੱਗੇ ਕਿ ਦੋ ਮਹੀਨਿਆਂ ਪਿੱਛੋਂ ਉਸਤੋਂ ਪ੍ਰਧਾਨਗੀ ਕੌਣ ਦਿਵਾਊ? ਦੋ ਮਹੀਨੇ ਪਿੱਛੋਂ ਧਰਮਸਾਲਾ ਸੋਇ ਅਸੋਕ ਕਿਸਨੇ ਲੈ ਕੇ ਦੇਣੀ ਹੈ। ਉਹ ਆਦਮੀ ਪੁਖਤਾ ਹੀ ਹੋਣਾ ਚਾਹੀਦਾ ਹੈ। ਮੈਂ ਸੇਠ ਹਰਮਹਿੰਦਰ ਸਿੰਘ ਚਾਵਲਾ ਦਾ ਨਾਂ ਪੇਸ਼ ਕੀਤਾ ਤਾਂ ਉਹਨਾਂ ਕਿਹਾ "ਹਾਂ, ਇਹ ਮੰਨਣ ਯੋਗ ਹੈ।"

ਮੈਂ ਅਗਲੇ ਦਿਨ ਸੂਚਨਾ ਸੇਠ ਚਾਵਲਾ ਨੂੰ ਦੇ ਦਿੱਤੀ।

**21 ਸਤੰਬਰ 1986, ਐਤਵਾਰ**
**ਬੈਂਕੋਕ, ਥਾਈਲੈਂਡ**

**ਇਨਸਾਫ ਕੋਰਟ ਵਿੱਚ ਬਹਾਰ** - ਅੱਜ ਬੀਬੀ ਮਹਿੰਦਰ ਕੌਰ ਸੇਠਣੀ ਦੇ ਭਾਈ ਸੰਤ ਖਜ਼ਾਨ ਸਿੰਘ ਇਨਸਾਫ ਦੇ ਵੱਡੇ ਸਪੁੱਤਰ, ਸਵਰਗਵਾਸੀ ਸੇਠ ਅਵਤਾਰ ਸਿੰਘ ਦੀ ਯਾਦ ਵਿੱਚ ਸੇਠ ਜਸਪਾਲ ਸਿੰਘ ਕੇ ਫਲੈਟਾਂ ਇਨਸਾਫ ਕੋਰਟ ਦੀ ਪਹਿਲੀ ਛੱਤੇ, ਲਕੜੀ ਦੇ ਕੰਮ ਨਾਲ ਸੁਸਜਿਤ ਵਿਸ਼ਾਲ ਹਾਲ ਵਿੱਚ, ਤਰਨ ਤਾਲ ਅਤੇ ਫੁਹਾਰਿਆਂ ਦੀ ਛਹਿਬਰ ਵਿੱਚ ਅੰਮ੍ਰਿਤ ਵੇਲੇ ਘੁੱਲੇ-ਪਿੰਕੀ ਅਤੇ ਆਜ਼ਾਦ ਜੁੱਟ ਨੇ ਆਸਾ ਦੀ ਵਾਰ ਦਾ ਕੀਰਤਨ ਕੀਤਾ, ਜਿਸਦੀ ਅਗਵਾਈ ਸ੍ਰੀ ਸਤਿਗੁਰੂ ਜੀ ਵਲੋਂ ਸੀ। ਮੈਨਜ਼ਨ ਵਿੱਚ ਸ੍ਰੀ ਸਤਿਗੁਰੂ ਜੀ ਦੀ ਆਮਦ ਤੇ ਫਲੈਟਾਂ ਦੇ ਹੋਰ ਹਿੰਦੂ ਕਰਾਏਦਾਰਾਂ ਅਤੇ ਅਵਤਾਰ ਸਿੰਘ ਜੀ ਦੇ ਭਰਾਵਾਂ, ਸੇਠ ਜਸਪਾਲ ਸਿੰਘ-ਸੇਠ ਜਗਤਾਰ ਸਿੰਘ ਜੀ ਨੇ ਸੁਆਗਤ ਕੀਤਾ। ਅੱਜ ਲੱਕੜ ਦੇ ਕੰਮ ਦੀ ਜਾਲੀ ਵਾਲੇ ਹਾਲ ਨੂੰ ਸ੍ਰੀ ਸਤਿਗੁਰੂ ਜੀ ਤੇ ਸਾਧ ਸੰਗਤ ਦੇ ਚਰਨਾਂ ਨੇ ਸਾਰਥਕਤਾ ਬਖਸ਼ੀ।

ਵਾਰ ਦੇ ਅੰਤਮ ਸਲੋਕਾਂ ਤੇ ਬੀਬੀ ਰਾਜ ਰਤਨ, ਸੇਠ ਜਸਪਾਲ ਸਿੰਘ-ਜਗਤਾਰ ਸਿੰਘ (ਦੋਵੇਂ ਦਿਓਰ) ਅਤੇ ਸਪੁੱਤਰ ਧਰਮ ਸਿੰਘ ਆਪਣੇ ਬੱਚਿਆਂ ਨਾਲ ਮਾਇਆ, ਬਸਤਰ, ਫਲ, ਫੁੱਲ ਆਦਿ ਭੇਟਾ ਲੈ ਹਾਜ਼ਰ ਹੋਏ।

ਵਾਰ ਦਾ ਭੋਗ ਪਿਆ ਤਾਂ ਸਾਰੀ ਸੰਗਤ ਨੂੰ ਸੁਆਦਲਾ ਨਾਸ਼ਤਾ. ਗਰਮ ਦੁੱਧ ਚਾਹਟੇ ਆਦਿ ਨਾਲ ਮਿਲਿਆ। ਸ੍ਰੀ ਸਤਿਗੁਰੂ ਜੀ ਨੇ ਫਲਾਹਾਰ ਕੀਤਾ। ਸੇਠ ਜਸਪਾਲ ਸਿੰਘ ਕਮਜ਼ੋਰ ਸਿਹਤ ਦੇ ਹੁੰਦਿਆਂ ਵੀ ਆਪਣੇ ਸਪੁੱਤਰਾਂ ਦੇ ਧਿਆਨ ਭਰੇ ਯਤਨਾਂ ਤੋਂ ਬਾਗ-ਬਾਗ ਸੀ।

ਅੱਜ ਚਰਨ ਪਾਉਣ ਦਾ ਪ੍ਰੋਗਰਾਮ ਵੀ ਏਸੇ ਘਰੋਂ ਤੁਰਨਾ ਸੀ। ਸੁ 6 ਵਜੇ ਸਵੇਰ ਤੋਂ ਹੀ ਸ. ਪ੍ਰਿਥੀਪਾਲ ਸਿੰਘ ਖੰਨਪੁਰੀ ਗੁਰੂ ਕੀ ਸੇਵਾ ਵਿੱਚ ਹਾਜ਼ਰ ਸਨ। ਇਨ੍ਹਾਂ ਦੀ ਅਗਵਾਈ ਵਿੱਚ ਸ੍ਰੀ ਸਤਿਗੁਰੂ ਜੀ ਨੇ ਚਰਨ ਪਾਉਣੇ ਆਰੰਭ

ਕੀਤੇ :

1. ਸੇਠ ਜਗਤਾਰ ਸਿੰਘ ਇਨਸਾਫ

2. ਸੇਠ ਧਰਮ ਸਿੰਘ ਸੁਪੱਤਰ ਸੇਠ ਅਵਤਾਰ ਸਿੰਘ ਸੁਰਗਵਾਸੀ

3. ਬੀਬੀ ਅਵਿਨਾਸ਼ ਕੌਰ ਸੁਪਤਨੀ ਸੇਠ ਕੁਲਦੀਪ ਸਿੰਘ ਅਤੇ ਸਪੁੱਤਰ ਗੁਰਦਿੱਤ ਸਿੰਘ

ਅਰਜ਼ : ਸੱਚੇ ਪਾਤਸ਼ਾਹ ਜੀ ਨਾਮ ਦਾਨ ਤੇ ਸਿੱਖੀ ਦਾਨ ਬਖਸ਼ੋ ਜੀ।

4. ਸੇਠ ਸ਼ਮਸ਼ੇਰ ਸਿੰਘ ਨਰੂਲਾ, ਗਲੀ ਨੰ. 10

ਬੱਚਿਆਂ ਨੂੰ ਦਾੜ੍ਹੀ ਸਾਬਤ ਰੱਖਣ ਦੀ ਪ੍ਰੇਰਣਾ ਦਿੱਤੀ।

5. ਬੀਬੀ ਰਣਜੀਤ ਕੌਰ ਅਤੇ ਸਪੁੱਤਰ ਸ. ਸੁਰਜੀਤ ਸਿੰਘ ਮਾਡਰਨ ਏਅਰ, ਗਲੀ ਨੰ. 8

6. ਸੇਠ ਜਗਦੀਸ਼ ਸਿੰਘ ਨਰੂਲਾ

ਸਤਿਗੁਰੂ ਜੀ ਨੇ ਥਾਪੀ ਦੇ ਕੇ ਨਿਵਾਜਿਆ। ਸਾਰੇ ਪਰਵਾਰ ਦੀ ਜਾਣਕਾਰੀ ਲਈ। ਖਾਸ ਕਰ ਬੱਚਿਆਂ ਨਾਲ ਪਿਆਰ ਕੀਤਾ। ਬੱਚਿਆਂ ਨੂੰ ਪੰਜਾਬੀ ਪੜ੍ਹਾਉਣ ਦੀ ਪ੍ਰੇਰਨਾ ਦਿੱਤੀ।

7. ਸੇਠ ਹਰਭਜਨ ਸਿੰਘ ਨਰੂਲਾ

ਸੰਤ ਗੁਰਮੁਖ ਸਿੰਘ ਜੀ ਦੇ ਘਰੋਂ ਮਾਤਾ ਸੁਰਿੰਦਰ ਕੌਰ ਦੀ ਸੁਥਣ ਦੀਆਂ ਚੂੜੀਆਂ ਵੇਖ ਸਤਿਗੁਰੂ ਜੀ ਬਚਨ ਕੀਤਾ : "ਅਜ ਕਲ ਹੱਥਾਂ ਵਿੱਚ ਚੂੜੀਆਂ ਤਾਂ ਵੇਖਣ ਨੂੰ ਬਹੁਤ ਮਿਲਦੀਆਂ ਹਨ ਪਰ ਏਹ ਨਹੀਂ। ਸਾਦਗੀ ਤੇ ਸੁਹਜ ਦਾ ਤਾਂ ਇਹੋ ਪਹਿਰਾਵਾ ਹੈ। ਅਰਜ਼ ਹੋਈ : ਜੀ ਖੁਸ਼ੀਆਂ ਬਖਸ਼ੋ ਬੱਚਿਆਂ ਨੂੰ। ਬਚਨ ਕੀਤਾ : ਬੱਚਿਆਂ ਨੂੰ ਮੇਰੇ ਵਲੋਂ ਖੁਸ਼ੀਆਂ ਹਨ, ਤੁਸੀਂ ਹੀ ਇਹਨਾਂ ਨੂੰ ਖੁਸ਼ੀਆਂ ਬਖਸ਼ੋ। ਮਾਤਾ ਵੱਲੋਂ ਬੇਨਤੀ : ਦੀਨ ਦਿਆਲ ਜੀ ਨਾਮ ਦਾਨ ਬਖਸ਼ੋ।

9. ਸ. ਨਿਰਭੈ ਸਿੰਘ ਦੀ ਇਲੈਕਟ੍ਰਾਨਿਕ ਦੀ ਦੁਕਾਨ, ਸੁਖੁਮਵਿਟ ਤੇ

10. ਬੀਬੀ ਹਰਭਜਨ ਕੌਰ ਸੁਪਤਨੀ ਸੁਰਗਵਾਸੀ ਸੇਠ ਸੁਹੇਲ ਸਿੰਘ ਧੀਰ

ਸੰਤਾਨ : ਮੋਹਨ ਸਿੰਘ-ਰਣਧੀਰ ਕੌਰ (ਨੂੰਹ)

ਹਰਬੰਸ ਸਿੰਘ-ਸੁਰਜੀਤ ਕੌਰ (ਨੂੰਹ)

ਸ. ਮੋਹਨ ਸਿੰਘ ਦਾੜ੍ਹੀ ਕੱਟਦਾ ਹੈ। ਕਿਰਪਾ ਕੀਤੀ, ਬਚਨ ਕੀਤਾ : ਮੇਰਾ ਜੀ ਕਰਦੈ ਤੂੰ ਮੇਰੇ ਕੋਲ ਆਇਆ ਬੈਠਿਆ ਕਰੇਂ। (ਦਾੜ੍ਹੀ ਕੱਟਣੀ ਛਡਾਣ ਦਾ ਤਰੀਕਾ)

ਸਾਰੇ ਪਰਵਾਰ ਨੂੰ ਭਜਨ ਬਾਣੀ ਕਰਨ ਦਾ ਉਪਦੇਸ਼

11. ਬੀਬੀ ਰਜਵੰਤ ਕੌਰ ਸੁਪਤਨੀ ਸੇਠ ਸੁਹੇਲ ਸਿੰਘ ਧੀਰ

(ਸੰਤਾਨ ਪਹਿਲਾਂ ਕਿਤੇ ਲਿਖੀ ਜਾ ਚੁੱਕੀ ਹੈ)

ਬੀਬੀ ਨੂੰ ਸਤਿਗੁਰੂ ਜੀ ਨੇ ਸੇਠ ਭਗਵੰਤ ਸਿੰਘ ਦੇ ਕਤਲ ਦੀ ਦਾਸਤਾਨ ਪੁੱਛੀ। ਸਦਮਾ ਵਿਆਕੁਲ ਮਾਂ ਨੇ ਰੋ ਰੋ ਕੇ ਸਾਰੀ ਕਹਾਣੀ ਸੁਣਾਈ।

**ਖੇਡ ਮੁਕਾਬਲੇ –** ਸਾਥੋਂਨ ਰੋਡ ਤੇ ਇੰਡੀਅਨ ਥਾਈ ਚੈਂਬਰਸ ਆਫ਼ ਕਾਮਰਸ ਵਿੱਚ 9 ਵਜੇ ਸਵੇਰੇ ਬੈਡਮਿੰਟਨ ਦੇ ਖੇਡ ਮੁਕਾਬਲੇ ਹੋਏ। ਸ੍ਰੀ ਸਤਿਗੁਰੂ ਜੀ ਏਸ ਸੁਅਵਸਰ 'ਤੇ ਦਰਸ਼ਨ ਦੇਣ ਦੀ ਕਿਰਪਾ ਕੀਤੀ। ਇਸ ਮੌਕੇ ਸੇਠ ਸੁਰੰਮ੍ਰਿਤ ਸਿੰਘ, ਸੇਠ ਜਗਦੀਸ਼ ਸਿੰਘ ਨਰੂਲਾ ਅਤੇ ਹਜ਼ੂਰੀ ਜਥੇ ਦੇ ਵਿਅਕਤੀ ਤਾਂ ਉਕਾ ਹੀ ਸੱਚੇ ਪਾਤਸ਼ਾਹ ਜੀ ਦੇ ਨਿਕਟ ਬੈਠੇ ਸਨ। ਹੋਰ ਦਰਸ਼ਕਾਂ ਵਿੱਚ ਸਨ : ਸੇਠ ਤਰਲੋਕ ਸਿੰਘ, ਸ. ਹਰਵਿੰਦਰ ਸਿੰਘ ਹੰਸਪਾਲ, ਡਾ. ਮੁਸ਼ੱਰਫ ਅਲੀ ਮੂਸਾ, ਸ. ਮਨਚੰਦਾ, ਸੇਠ ਮੋਹਰ ਸਿੰਘ, ਸ. ਸੁਰਜੀਤ ਸਿੰਘ, ਸੇਠ ਹਰਮਹਿੰਦਰ ਸਿੰਘ ਆਦਿ।

ਮੁਕਾਬਲੇ ਸਨ : ਸ. ਪ੍ਰਿਥੀਪਾਲ ਸਿੰਘ ਖੰਨਪੁਰੀ, ਸੇਠ ਤਰਨ ਸਿੰਘ ਚਾਵਲਾ

ਸ. ਪ੍ਰਿਥੀਪਾਲ ਸਿੰਘ ਖਾਣੀਜੌਂ, ਸੇਠ ਜਸਪਾਲ ਸਿੰਘ

ਖੇਡ ਆਰੰਭ ਤੋਂ ਪਹਿਲਾਂ ਸੇਠ ਜਗਦੀਸ਼ ਸਿੰਘ ਨਰੂਲਾ ਨੇ ਇੰਡੀਅਨ ਥਾਈ ਚੈਂਬਰਸ ਆਫ਼ ਕਾਮਰਸ ਵਿਖੇ ਦਰਸ਼ਨ ਦੇਣ ਤੇ ਅੱਜ ਦੇ ਬੈਡਮਿੰਟਨ ਮੁਕਾਬਲਿਆਂ ਨੂੰ ਨਿਹਾਰਨ ਆਏ ਸ੍ਰੀ ਸਤਿਗੁਰੂ ਜੀ ਦਾ ਸੁੰਦਰ ਸ਼ਬਦਾਂ ਵਿੱਚ ਸੁਆਗਤ ਕੀਤਾ। ਫੁੱਲਹਾਰ ਪਹਿਨਾਏ ਅਤੇ ਸਤਿਕਾਰ ਪੂਰਵਕ, ਨਿਸਚਿਤ ਜਗਹ 'ਤੇ ਬੈਠਾਇਆ। ਸੇਠ ਨਰੂਲਾ ਇਸ ਚੈਂਬਰ ਦੇ ਸਕੱਤਰ ਹਨ। ਖੇਡੇ ਕੌਣ ਕੌਣ?

ਡਬਲਜ਼ :

1. ਸ. ਪ੍ਰਿਥੀਪਾਲ ਸਿੰਘ ਖੰਨਪੁਰੀ - ਸੇਠ ਤਰਨ ਸਿੰਘ ਚਾਵਲਾ

ਸ. ਅਵਤਾਰ ਸਿੰਘ ਗੋਰੇਵਾੜਾ - ਸੇਠ ਗਜਿੰਦਰ ਸਿੰਘ ਨਰੂਲਾ

2. ਸ. ਸੁਰਜੀਤ ਸਿੰਘ ਕੁਕਰੇਜਾ - ਸ. ਮਹਿੰਦਰ ਪਾਲ ਸਿੰਘ ਕੋਮਲ

ਸੇਠ ਜਗਦੀਸ਼ ਸਿੰਘ ਨਰੂਲਾ - ਸ. ਪ੍ਰਿਤਪਾਲ ਸਿੰਘ ਖਾਣੀਜੌਂ

ਸਿੰਗਲਜ਼ :

1. ਸ. ਇੰਦਰਜੀਤ ਸਿੰਘ ਮਲਹੋਤਰਾ - ਸ.

ਅਵਤਾਰ ਸਿੰਘ ਗੋਰੇਵਾੜਾ

2. ਸੇਠ ਗਜਿੰਦਰ ਸਿੰਘ ਨਰੂਲਾ – ਸੇਠ ਜਸਪਾਲ ਸਿੰਘ ਗੋਰੇਵਾੜਾ

3. ਸ. ਪ੍ਰਿਥੀਪਾਲ ਸਿੰਘ ਖੰਨਪੁਰੀ – ਰਾਜੂ

10 ਵਜੇ ਖੇਡਾਂ ਨੂੰ ਜਾਰੀ ਰਹਿੰਦਿਆਂ ਹੀ ਸੱਚੇ ਪਾਤਸ਼ਾਹ ਜੀ ਆਪਣੇ ਪ੍ਰੋਗਰਾਮ ਅਨੁਸਾਰ ਉੱਠ ਤੁਰੇ।

ਚੈਂਬਰ ਵਿੱਚ ਖਿਡਾਰੀਆਂ ਅਤੇ ਖੇਡ ਦਰਸ਼ਕਾਂ ਦੀ ਸੇਠ ਤਰਲੋਕ ਸਿੰਘ ਹੁਰਾਂ ਵਲੋਂ, ਦੁੱਧ ਰੱਜਵੇਂ ਨਾਲ ਸੇਵਾ ਕੀਤੀ ਗਈ।

**ਲੰਗਰ ਮਾਲ੍ਹ ਪੂੜਿਆਂ ਦਾ –** ਸੇਠ ਸੁਰੰਮ੍ਰਿਤ ਸਿੰਘ ਦੇ ਬੰਗਲੇ, ਅਰਥਾਤ ਸ੍ਰੀ ਸਤਿਗੁਰੂ ਜੀ ਦੇ ਤੇ ਆਪ ਜੀ ਦੇ ਹਜ਼ੂਰੀ ਜਥੇ ਦੇ ਨਿਵਾਸ ਤੇ ਅੱਜ ਮਾਲ੍ਹ-ਪੂੜੇ, ਖੀਰ, ਜਲੇਬੀਆਂ ਆਦਿ ਦਾ ਲੰਗਰ ਸੀ। 'ਜੋ ਜੀ ਆਵੇ ਸੁ ਰਾਜੀ ਜਾਵੇ।' ਜੋ ਵੀ ਗੁਰੂ ਦਰਸ਼ਨਾਂ ਨੂੰ ਆਇਆ ਨਿਹਾਲ ਹੋ ਕੇ ਗਿਆ।

ਇਸ ਮੌਕੇ ਮੈਂ ਉਨ੍ਹਾਂ ਬੀਬੀਆਂ ਦਾ ਵਿਸ਼ੇਸ਼ ਜ਼ਿਕਰ ਕਰਨਾ ਚਾਹੁੰਦਾ ਹਾਂ, ਜੁ ਸਦਾ ਹੀ ਲੰਗਰ ਪਾਣੀ ਦੀ ਸੇਵਾ ਬੜੇ ਸ਼ੌਂਕ ਅਤੇ ਸੁੱਚ ਸੋਧ ਨਾਲ ਕਰਦੀਆਂ ਹਨ। ਉਂ ਤਾਂ ਥਾਈਲੈਂਡ ਨਿਵਾਸਕਾਂ ਸਾਰੀਆਂ ਹੀ ਬੀਬੀਆਂ ਸੇਵਾ, ਸਤਿਕਾਰ ਅਤੇ ਸ਼ਰਧਾ ਦੀ ਮੂਰਤੀ ਹਨ ਪਰ ਕੁਛ ਇਹ ਤਾਂ ਵਿਸ਼ੇਸ਼ ਜ਼ਿਕਰ ਕਰਨ ਯੋਗ ਹਨ :

1. ਬੀਬੀ ਸਤਵੰਤ ਕੌਰ ਸੁਪਤਨੀ ਸੰਤ ਅਮਰ ਸਿੰਘ ਗੁਲਾਟੀ
2. ਬੀਬੀ ਜਸਬੀਰ ਕੌਰ
3. ਬੀਬੀ ਰਣਜੀਤ ਕੌਰ
4. ਬੀਬੀ ਰਾਮ ਕੌਰ
5. ਬੀਬੀ ਰਾਜ ਰੂਪ
6. ਬੀਬੀ ਹਰਚਰਨ ਕੌਰ
7. ਬੀਬੀ ਚਰਨਜੀਤ ਕੌਰ
8. ਬੀਬੀ ਹਰਮੀਤ ਕੌਰ
9. ਬੀਬੀ ਮਹਿੰਦਰ ਕੌਰ ਗਿਆਨਣ
10. ਬੀਬੀ ਸੁਰਜੀਤ ਕੌਰ ਪ੍ਰਧਾਨ
11. ਬੀਬੀ ਜੀਤ ਕੌਰ (ਇਹ ਗੁਰੂ ਕੇ ਬਸਤਰਾਂ ਦੀ ਸੇਵਾ ਕਰਦੀ ਹੈ)

**ਮੁੜ ਚਰਨ ਪਾਉਣੇ –** ਮੇਰੇ ਤਿਆਰ ਹੋ ਕੇ ਆਉਣ ਤੋਂ ਪਹਿਲੋਂ ਹੀ, ਅਰਥਾਤ 1.30 ਵਜੇ ਦੁਪਹਿਰੇ, ਸ. ਪ੍ਰਿਥੀਪਾਲ ਸਿੰਘ ਖਾਣੀਜੋਂ ਦੀ ਮਾਟਾਡੋਰ 'ਤੇ ਕੁਛ ਸੇਵਕਾਂ ਦੇ ਘਰੀਂ ਚਰਨ ਪਾਉਣ ਲਈ ਨਿਕਲ ਤੁਰੇ। ਅੱਜ ਇਸ ਵਕਤ ਹੇਠ ਲਿਖੇ ਪਰਵਾਰਾਂ ਨੂੰ ਨਿਵਾਜਿਆ ਗਿਆ :

12. ਬੀਬੀ ਪਵਿੱਤਰ ਕੌਰ ਸੁਪਤਨੀ ਸੰਤ ਪਿਆਰਾ ਸਿੰਘ ਸਚਦੇਵ
13. ਬੀਬੀ ਤਰਨਜੀਤ ਕੌਰ ਸੁਪਤਨੀ ਸ. ਅਵਤਾਰ ਸਿੰਘ ਸਚਦੇਵ
14. ਸ. ਓਅੰਕਾਰ ਸਿੰਘ ਸੁਪੱਤਰ ਸੰਤ ਮੋਹਣ ਸਿੰਘ ਇੰਫਾਲ, ਦੁਕਾਨ ਇੰਦ੍ਰਾ ਹੋਟਲ ਤੇ
15. ਸੰਤ ਅਮਰ ਸਿੰਘ ਸੇਠੀ ਪੱਤੂਨਾਮ ਵਿਖੇ ਦੁਕਾਨ
16. ਸ. ਨਰਿੰਦਰ ਸਿੰਘ ਮਲਹੋਤਰਾ ਪੱਤੂਨਾਮ ਵਿਖੇ ਦੁਕਾਨ
17. ਸ. ਦਲਜੀਤ ਸਿੰਘ ਕੁਕਰੇਜਾ ਫਰੁਨ ਜੋਬਿਨ, ਦੁਕਾਨ
18. ਸ. ਪ੍ਰੇਮ ਸਿੰਘ ਕਾਲਰਾ, ਦੁਕਾਨ
19. ਸੇਠ ਹਰਭਜਨ ਸਿੰਘ ਕੋਮਲ, ਦੁਕਾਨ
20. ਸ. ਰਾਬਿੰਦਰ ਸਿੰਘ ਕੁਕਰੇਜਾ (ਕੋਮਲ ਜੀ ਦਾ ਭਾਈ) ਦੁਕਾਨ
21. ਸੰਤ ਹਜ਼ੂਰ ਸਿੰਘ ਚਾਵਲਾ ਥੋਨਬੁਰੀ ਸ਼ਹਿਰ
22. ਸ. ਸਤਵਿੰਦਰ ਸਿੰਘ ਕਾਲਰਾ ਲਾਡ ਫਰਾਓ, ਦੁਕਾਨ
23. ਸ. ਅਮਰ ਸਿੰਘ ਸੇਠੀ ਲਾਡ ਫਰਾਓ, ਘਰ
24. ਸ. ਮਨਜੀਤ ਸਿੰਘ (ਕਲਕੱਤੇ ਵਾਲੇ) ਮੋਬਾਨ ਬੂ ਚਰਨ
25. ਬੀਬੀ ਮਹਿੰਦਰ ਕੌਰ ਗਿਆਨਣ

**ਚਾਵਲਾ ਕੋਰਟ ਤੇ ਦੀਵਾਨ –** ਅੱਜ ਸ਼ਾਮ ਦੇ ਦੀਵਾਨ ਦਾ ਸਾਰਾ ਪ੍ਰੋਗਰਾਮ ਕੇ. ਐਸ. ਗੁਰਚਰਨ ਸਿੰਘ ਦੇ ਫਲੈਟਾਂ ਚਾਵਲਾ ਕੋਰਟ ਵਿਖੇ ਸੀ। ਗਰਾਊਂਡ ਫਲੋਰ, ਜੋ ਕਿ ਆਮ ਕਰਕੇ ਕਾਰ ਪਾਰਕਿੰਗ ਦੇ ਕੰਮ ਆਉਂਦਾ ਹੈ, ਵਿਸ਼ੇਸ਼ ਕਰ ਸਜਾਇਆ ਬਣਾਇਆ ਗਿਆ ਸੀ। ਇਹ ਮੇਲਾ ਸੰਤ ਕਰਤਾਰ ਸਿੰਘ ਚਾਵਲਾ ਸਵਰਗਵਾਸੀ ਦੇ ਸਪੁੱਤਰਾਂ ਸੇਠ ਗੁਰਚਰਨ ਸਿੰਘ, ਸੇਠ ਹਰਮਹਿੰਦਰ ਸਿੰਘ ਅਤੇ ਸੇਠ ਤਰਨ ਸਿੰਘ ਵੱਲੋਂ ਸੀ। 5 ਤੋਂ 6 ਤੱਕ ਨਾਮ ਸਿਮਰਨ ਸ੍ਰੀ ਸਤਿਗੁਰੂ ਜੀ ਦੇ ਦਰਸ਼ਨ ਕਰਦਿਆਂ ਵੱਡੀ ਤਾਦਾਦ ਵਿੱਚ ਆਈ ਸੰਗਤ ਵੱਲੋਂ ਹੋਇਆ। ਜਿਉਂ ਹੀ ਸ੍ਰੀ ਸਤਿਗੁਰੂ ਜੀ ਚਰਨ ਪਾਉਣ ਵੱਲੋਂ ਵਿਹਲੇ ਹੋ, ਦੀਵਾਨ ਸਥਾਨ ਵਿੱਚ ਪਧਾਰੇ ਸਾਰੀ ਸੰਗਤ ਦਰਸ਼ਨ ਕਰ ਖਿਲ ਉੱਠੀ। ਸ੍ਰੀ ਸਤਿਗੁਰੂ ਜੀ ਨੂੰ ਭਾਵੇਂ 4-5 ਜੰਗਲ ਵਾਧੂ ਆ ਜਾਂਦੇ ਹਨ, ਪਰ ਸਿਹਤ ਵਲੋਂ ਤਿਆਰ ਬਰ ਤਿਆਰ, ਮਸਤਕ ਮੁਸਕਾਨਾਂ ਭਰਿਆ, ਹਸਤ ਕਮਲ ਗੁਲਾਬੀ ਭਾਹ ਨਾਲ ਦਮਕਦੇ, ਵਧੀਆ ਸਿਹਤ ਦੀ ਕਹਾਣੀ ਪਾਉਂਦੇ ਹਨ।

**ਚਲਦਾ.......**

# A Saga Of Sri Satguru Jagjit Singh Ji

- Dr. Sharada Jayagovind

Patsha ji would invite maestros such as Ustad Vilayat Khan, Ustad Amjad Ali Khan, Pandit Hariprasad Chaurasia, Pandit Birju Maharaj, Ustad Zakir Hussain, Pandit Shiv Kumar Sharma and Pandits Rajan and Sajan Mishra to Sri Bhaini Sahib to train the students. The masters taught rare compositions to the selected students. Many artistes would stay for a number of days at Sri Bhaini Sahib, basking in the love and affection showered on them by Patshaji, who would tell the cooks at the langar.

"You should provide such tasty Namdhari vegetarian food that Ustad Vilayat Khan ji should not miss non vegetarian food."

Patsha ji kept on learning and teaching music till the end. He would often hold the tiny fingers of a child and the trained fingers of established musicians to teach them the intricacies of a taal.

Harjinder Singh, the Namdhari sarod player, expresses with a great sense of gratitude:

"We did not then know how blessed we were to study music at the feet of such great artistes. We, the children of poor farmers, would not have been able to go anywhere near such musicians. It was all due to Patshaji's generosity."

Patsha ji did for Hindustani classical music what often mu academies and governments fail to do. He worked with musicians to retain the purity of traditional and classical form of singing. Preservation and restoration of traditional music and musical instruments was undertaken at Sri Bhaini Sahib. He would go to any extent to encourage musicians. Satguru Jagjit Singh ji, the Sarab Kala Samrath, built houses for musicians, gave them cars, money, and took care of their families.

Once, Pawar Bandhu, two Dhrupad singers came from Indore to Sri Bhaini Sahib to meet Patsha ji. They performed for two and half hours and left for Jullundur. They expressed a desire to listen to Patshaji who promised to sing the next day.

The following evening, Patsha ji started the concert at six o'clock. After three hours of listening, the Dhrupad singers began to get tired. But Patsha ji would not put an end to the session which went on till eleven o'clock. Patsha ji was presenting bandish after bandish with great flourish and the Dhrupad singers began to wonder whether the concert would end that night at

all or would usher in the rays of the morning sun. Satguru Jagjit Singh ji's love and dedication to music was more than that of the professional singers. To him music transcended the limits of time and space.

At last, the long session of music came to an end and Patshaji gifted the Dhrupad singers with a gold chain each and made them happy.

Music was an integral part of Patsha ji's existence. It was his life force, a natural necessity as vital as breath.

When Patsha ji visited Bangkok, Thailand in February 2006, he suffered a stroke and lost the power of speech. He did not speak for four days and the doctors attending on him were worried that he may not regain his speech.

Balwant Singh, the dear disciple of Patsha ji, who had accompanied him on the trip, visited Patsha ji at the Bumrungrad hospital where he was being treated. Balwant Singh started singing one of Patsha ji's favourite bandish, 'Kaano gallaan keetiyaan balochiyaan dey naal".

To everybody's relief and surprise, Patsha ji too joined him in a feeble voice. All including the doctors, shed tears of joy at this musical miracle.

Music and naam were buried deep in his subconscious mind. Ravi, the physiotherapist at Satguru Partap Singh Hospitals, Ludhiana, who attended to Patsha ji during his ailments, states that while other patients shout, scream and grumble after a stroke or operation, Patsha ji used to be calm and composed. Only naam and music emanated from his soul.

As a result of Patsha ji's efforts, hundreds of Namdhari Sikh children and youth have been trained in classical music and Gurmat Sangeet in India and abroad. In recognition of his great contribution to the field of classical music, the national Sangeet Natak Akademi conferred the "Tagore Ratan" Fellowship Award on Patshaji in 2012. The citation stated:

An accomplished singer and dilruba player Satguru Jagjit Singh ji had worked ceaselessly for the development and propagation of Indian classical music and Gurmat Sangeet. Having succeeded his father as spiritual head of the Namdhari Sikhs in 1959, Satguru Jagjit Singh organized the Satguru Partap Singh Sangeet Sammelan regularly in his memory. A number of talented students received support and encouragement from Satguru Jagjit Singh to learn music from leading musicians. He performed widely at music festivals, and created compositions to various ragas in unconventional taalas."

**To be continued......**

# ਕਵਿਤਾ- ਮੇਰੇ ਪਿੰਡ ਦੀਆਂ ਔਰਤਾਂ

ਕਮਲਗੀਤ ਸਰਹਿੰਦ

ਸਾਰੀਆਂ ਔਰਤਾਂ
ਕਵਿਤਾ ਨਹੀਂ ਹੁੰਦੀਆਂ.....
ਗ਼ਜ਼ਲ ਨਹੀਂ....
ਰੁਬਾਈ ਵੀ ਨਹੀਂ....
ਕੁਝ ਔਰਤਾਂ ਸਫ਼ਰਨਾਮੇ ਹੁੰਦੀਆਂ ਹਨ...... !

ਕਦੇ ਕਿਤੇ ਨਹੀਂ ਜਾਂਦੀਆਂ....
ਨਾ ਹੀ ਟੱਪਦੀਆਂ ਨੇ
ਕਦੇ ਆਪਣੇ ਪਿੰਡ ਦੀ ਜੂਹ ....
ਫੇਰ ਵੀ ਉਹਨਾਂ ਦੇ ਪੈਰਾਂ ਅੰਦਰ
ਪੂਰਾ ਬ੍ਰਹਿਮੰਡ ਤੁਰਦਾ ਹੈ...

ਤਾਈ ਲਖਮੀਰੋ
ਅੱਗ ਵਰਾਉਂਦੀ ਉਮਰ ਵਿੱਚ
ਆਪਣਾ ਹਮਸਫ਼ਰ ਗੁਆ....
ਦੋ ਜੁਆਨ ਪੁੱਤਾਂ ਦੀ
ਅਰਥੀ ਮੋਢਿਆਂ ਤੇ ਢੋਅ....
ਅਗਲੀ ਸਵੇਰ
ਦਾਤੀ ਪੱਲੀ ਆਪਣੀ ਕੱਛ ਵਿੱਚ ਦੱਬ ਕੇ
ਖੇਤ ਨੂੰ ਜਾਣ ਲੱਗੀ ....
ਉਹਨਾਂ ਲੋਕਾਂ ਲਈ
ਦਲੇਰੀ ਦੇ ਨਵੇਂ ਅਰਥ ਸਿਰਜ ਗਈ
ਜੋ ਆਖਦੇ ਸੀ ਕਿ
ਔਰਤ ਦਾ ਸਬਰ
ਬੰਦੇ ਤੋਂ ਕਿਤੇ ਘੱਟ ਹੁੰਦੈ.....

ਸਾਰੀਆਂ ਔਰਤਾਂ
ਗੁਲਾਬ ਨਹੀਂ ਹੁੰਦੀਆਂ
ਚੰਬੇ ਚਮੇਲੀ
ਤੇ ਮੋਗਰੇ ਦੀਆਂ ਕਲੀਆਂ ਵੀ ਨਹੀਂ.....
ਕੁਝ ਔਰਤਾਂ ਅੱਗ ਹੁੰਦੀਆਂ ਹਨ...

ਬੇਬੇ ਬਚਨੀ
ਘਰਵਾਲੇ ਨੂੰ
ਅਧਰੰਗ ਹੋਣ ਮਗਰੋਂ.....
ਸੱਤ ਨਿਆਣਿਆਂ ਦੀ
ਅੱਖਾਂ ਵਿਚਲੀ ਭੁੱਖ ਮਿਟਾਉਣ ਖ਼ਾਤਰ
ਚੁੰਨੀ ਸਿਰ ਤੋਂ ਲਾਹ ਕੇ
ਗਲ਼ ਵਿੱਚ ਪਾਉਂਦੀ....

ਬੰਦੇ ਵਾਂਗ ਕੰਮ ਨਾਲ ਡਹਿ

ਧੀਆਂ ਪੁੱਤਾਂ ਨੂੰ
ਇਕੱਲੀ ਪਾਲ਼ ਪੋਸ ਵਿਆਹ ਕੇ
ਓਸ ਸਮਾਜ ਲਈ
ਨਵੀਂ ਲੀਕ ਖਿੱਚ ਗਈ.....
ਜੋ ਸੋਚਦਾ ਸੀ ਕਿ
ਬੰਦੇ ਤੋਂ ਬਿਨ੍ਹਾਂ
ਜਨਾਨੀ ਦੇ ਜਵਾਕ ਰੁਲ ਜਾਂਦੇ ਨੇ....

ਸਾਰੀਆਂ ਔਰਤਾਂ ਰੰਗ ਨਹੀਂ ਹੁੰਦੀਆਂ....
ਮਹਿਕ ਨਹੀਂ
ਤੇ ਗੀਤ ਵੀ ਨਹੀਂ
ਕੁਝ ਔਰਤਾਂ ਧੁੱਪ ਹੁੰਦੀਆਂ ਹਨ.....

ਪੇਂਜਿਆਂ ਦੀ ਨਫ਼ੀਸਾ ਬੇਗ਼ਮ...
ਬਾਲ ਬਾਹਰੀ ਹੋ ਕੇ ਤਮਾਮ ਉਮਰ
ਸਾਰੇ ਪਿੰਡ ਦੀ ਚਾਚੀ ਤਾਈ ਮਾਂ ਬਣੀ ....
ਮਰਦੀ ਹੋਈ ਆਖ ਗਈ,
ਕਿ ਹਿੰਦੁਸਤਾਨ
ਮੁਸਲਮਾਨਾਂ ਦਾ ਵੀ ਮੁਲਕ ਹੈ....

ਮੇਰੇ ਮਰਨ ਤੇ ਸੋਗ ਨਾ ਕਰਿਓ
ਹਰ ਮਜ਼ਹਬ ਦਾ ਬੱਚਾ
ਮੇਰੀ ਕਬਰ ਤੇ
ਬੱਸ ਇੱਕ ਫੁੱਲ ਧਰਨਾ.....

ਕਦੇ ਕਦੇ ਸੋਚਦੀ ਹਾਂ
ਮੇਰੇ ਪਿੰਡ ਦੀਆਂ ਔਰਤਾਂ ਤਾਂ
ਕਦੇ ਪਿੰਡ ਦੀ ਦੇਹਲੀ ਨੀ ਟੱਪੀਆਂ......
ਐਨਾ ਸਬਰ...
ਐਨੀ ਦਲੇਰੀ....
ਐਡੀ ਧਰਮ ਨਿਰਪੱਖਤਾ...
ਕੌਣ ਉਨ੍ਹਾਂ ਦੀ
ਮਨ ਮਮਟੀ 'ਚ ਧਰ ਗਿਆ ਹੋਵੇਗਾ...

ਸ਼ਾਇਦ
ਸਾਰੀਆਂ ਹੀ ਔਰਤਾਂ
ਰੱਬ ਹੁੰਦੀਆਂ ਹਨ.....
ਤੇ ਰੱਬ ਨੂੰ ਛੋਟਾ ਕਰਕੇ ਦੇਖਣਾ
ਬੰਦੇ ਦੀ ਹੋਂਦ ਤੋਂ ਮੁਨਕਰ ਹੋਣਾ ਹੈ...।

99148-83112

# ਸੁੱਚੇ ਮੋਤੀ

ਪ੍ਰਸਿੱਧ ਸੰਗੀਤਕਾਰ ਪੇਅਰ ਮੋਤੀਊ ਕਾਫ਼ੀ ਰਾਤ ਗਏ ਕਿਸੇ ਸ਼ਹਿਰ ਵਿਚ ਆਪਣੀ ਪਤਨੀ ਨਾਲ ਇਕ ਹੋਟਲ ਵਿੱਚ ਕਮਰਾ ਲੈਣ ਗਿਆ।

ਕਾਉਂਟਰ 'ਤੇ ਖੜ੍ਹੋਤੀ ਤੀਵੀਂ ਨੇ ਕਿਹਾ ਕਿ ਕੋਈ ਕਮਰਾ ਖ਼ਾਲੀ ਨਹੀਂ ਹੈ।

ਪੇਅਰ ਮੋਤੀਊ ਨੇ ਮਜ਼ਬੂਰੀ ਦੇ ਲਹਿਜੇ ਵਿੱਚ ਕਿਹਾ, "ਰਾਤ ਕਾਫ਼ੀ ਹੋ ਗਈ ਏ, ਤੇ ਨੇੜੇ-ਤੇੜੇ ਕੋਈ ਹੋਰ ਹੋਟਲ ਨਹੀਂ ਏ। ਮੈਂ ਇਕੱਲਾ ਹੁੰਦਾ ਤਾਂ ਕੋਈ ਗੱਲ ਨਹੀਂ ਸੀ। ਨਾਲ ਮੇਰੀ ਪਤਨੀ ਏ। ਕਿਸੇ ਤਰ੍ਹਾਂ ਵੀ ਕਮਰੇ ਦਾ ਪ੍ਰਬੰਧ ਕਰਨ ਦੀ ਖੇਚਲ ਕਰੋ। ਮੈਂ ਬੜਾ ਧੰਨਵਾਦੀ ਹੋਵਾਂਗਾ।"

ਤੀਵੀਂ ਨੇ ਬੇਰੁਖੀ ਜਿਹੀ ਨਾਲ ਫੇਰ ਇਨਕਾਰ ਕੀਤਾ।

ਮੋਤੀਊ ਜਾਣ ਲਈ ਮੁੜਿਆ ਤਾਂ ਉਥੇ ਖੜ੍ਹੋਤੇ ਇਕ ਬੰਦੇ ਨੇ ਤੀਵੀਂ ਨੂੰ ਹੌਲੀ ਜਹੀ ਕਿਹਾ, "ਕੀ ਤੂੰ ਪਛਾਣਿਆ ਨਹੀਂ? ਇਹ ਪੇਅਰ ਮੋਤੀਊ ਏ। ਸੰਗੀਤਕਾਰ ਮੋਤੀਊ।"

"ਅੱਛਾ ! ਤੀਵੀਂ ਦੇ ਮੂੰਹੋਂ ਨਿਕਲਿਆ। ਤਦੇ ਉਸ ਨੇ ਬੜੇ ਆਦਰ ਨਾਲ ਉਸ ਨੂੰ ਕਿਹਾ, "ਮਾਫ ਕਰਨਾ, ਮੈਂ ਤੁਹਾਨੂੰ ਪਛਾਣਿਆ ਨਹੀਂ ਸੀ। ਮੈਂ ਤੁਹਾਨੂੰ ਆਮ ਬੰਦਾ ਹੀ ਸਮਝ ਬੈਠੀ। ਕੁਝ ਚਿਰ ਬੈਠੋ। ਮੈਂ ਜਿਵੇਂ-ਤਿਵੇਂ ਕਮਰੇ ਦਾ ਪ੍ਰਬੰਧ ਕਰਦੀ ਹਾਂ।"

ਪੇਅਰ ਮੋਤੀਊ ਦੇ ਚਿਹਰੇ 'ਤੇ ਕਮਰਾ ਪਾਉਣ ਦੀ ਖ਼ੁਸ਼ੀ ਦੀ ਥਾਂ ਗੰਭੀਰਤਾ ਆਈ, ਤੇ ਉਸ ਨੇ ਕਿਹਾ, "ਮੈਡਮ, ਹਰ ਕੋਈ ਹੀ ਆਮ ਬੰਦਾ ਹੁੰਦਾ ਏ।" ਤਦੇ ਉਸ ਨੇ ਆਪਣੀ ਪਤਨੀ ਦੇ ਮੋਢੇ 'ਤੇ ਹੱਥ ਰੱਖਿਆ ਤੇ ਹੋਟਲ 'ਚੋਂ ਬਾਹਰ ਨਿਕਲ ਗਿਆ।

........................................................

ਫ਼ਰਾਂਸ ਦੇ ਮਹਾਨ ਦਾਰਸ਼ਨਿਕ, ਵਾਲਪੇਅਰ ਨੂੰ ਇਕ ਵਾਰ ਉਹਨੀਂ ਦਿਨੀਂ ਇੰਗਲੈਂਡ ਜਾਣਾ ਪਿਆ, ਜਦ ਫ਼ਰਾਂਸ ਤੇ ਇੰਗਲੈਂਡ ਦੇ ਰਾਜਨੀਤਕ ਸੰਬੰਧਾਂ ਵਿਚ ਕਾਫ਼ੀ ਤਣਾਅ ਸੀ।

ਇਕ ਦਿਨ ਉਹ ਕਿਤੇ ਜਾ ਰਿਹਾ ਸੀ ਕਿ ਕੁਝ ਲੋਕਾਂ ਨੇ ਉਸ ਨੂੰ ਘੇਰ ਲਿਆ ਤੇ ਫ਼ਰਾਂਸ ਦੇ ਖਿਲਾਫ਼ ਆਪਣਾ ਗੁੱਸਾ ਉਸ 'ਤੇ ਕਢਦਿਆਂ ਬੁਰਾ-ਭਲਾ ਕਹਿਣ ਲੱਗੇ।

ਵਾਲਤੇਅਰ ਚੁੱਪ ਬਣਿਆ ਸਭ ਕੁਝ ਸੁਣਦਾ ਰਿਹਾ।

ਉਸ ਦੀ ਚੁੱਪ ਵੇਖ ਕੇ ਲੋਕ ਹੋਰ ਵੀ ਭੜਕੇ ਤੇ ਕਿਸੇ ਨੇ ਕਿਹਾ, "ਮਾਰ ਸੁੱਟੋ ਇਸ ਫ਼ਰਾਂਸੀਸੀ ਨੂੰ ! ਇੰਗਲੈਂਡ ਦੇ ਇਸ ਦੁਸ਼ਮਨ ਦਾ ਸਫ਼ਾਇਆ ਕਰ ਦਿਓ !"

ਲੋਕਾਂ ਨੂੰ ਆਪੇ ਤੋਂ ਬਾਹਰ ਹੁੰਦਿਆਂ ਵੇਖ ਕੇ ਵਾਲਤੇਅਰ ਨੂੰ ਖ਼ਤਰਾ ਮਹਿਸੂਸ ਹੋਇਆ। ਤਦੇ ਉਸ ਨੇ ਦੋਵੇਂ ਹੱਥ ਚੁੱਕ ਕੇ ਉਹਨਾਂ ਨੂੰ ਚੁੱਪ ਕਰਾਉਂਦਿਆਂ ਕਿਹਾ, "ਕੀ ਤੁਸੀਂ ਅੰਗ੍ਰੇਜ਼ ਮੈਨੂੰ ਇਸ ਲਈ ਮਾਰਨਾ ਚਾਹੁੰਦੇ ਹੋ ਕਿ ਮੈਂ ਫ਼ਰਾਂਸੀਸੀ ਹਾਂ ??

"ਬੇਸ਼ਕ !"

"ਆਖ਼ਿਰ ਫ਼ਰਾਂਸੀਸੀ ਹੋਣ ਦੀ ਏਡੀ ਸਜ਼ਾ?' ਤਦੇ ਵਾਲਤੇਅਰ ਨੇ ਆਪਣੇ ਚਿਹਰੇ 'ਤੇ ਭਰਵੀਂ ਮੁਸਕਰਾਹਟ ਲਿਆਂਦੀ। "ਕੀ ਮੇਰੇ ਲਈ ਇਹ ਸਜ਼ਾ ਕਾਫ਼ੀ ਨਹੀਂ ਏ ਕਿ ਮੈਂ ਅੰਗ੍ਰੇਜ਼ ਨਹੀਂ ਹਾਂ?"

ਸੁਣਦਿਆਂ ਹੀ ਲੋਕ ਹੱਸਣ ਲੱਗੇ ਤੇ ਵੇਖਦੇ-ਵੇਖਦੇ ਭੀੜ ਖਿੰਡ ਗਈ।

........................................................

# ਬੱਚਿਆਂ ਦਾ ਪੰਨਾ

## ਸਰਵਨ ਕੁਮਾਰ

ਸਰਵਨ ਕੁਮਾਰ ਆਪਣੇ ਮਾਤਾ-ਪਿਤਾ ਦਾ ਇਕਲੌਤਾ ਬੇਟਾ ਸੀ। ਉਸਦੇ ਮਾਤਾ-ਪਿਤਾ ਬਜ਼ੁਰਗ ਅਤੇ ਅੰਨ੍ਹੇ ਸਨ। ਸਰਵਨ ਉਹਨਾਂ ਦੇ ਨਾਲ ਇੱਕ ਝੌਂਪੜੀ ਵਿੱਚ ਰਹਿੰਦਾ ਸੀ।

ਉਸਦੇ ਮਾਤਾ-ਪਿਤਾ ਹਮੇਸ਼ਾ ਪ੍ਰਭੂ ਭਗਤੀ ਵਿੱਚ ਲੀਨ ਰਹਿੰਦੇ ਸਨ। ਸਰਵਨ ਆਪਣੇ ਮਾਤਾ-ਪਿਤਾ ਨਾਲ ਬਹੁਤ ਖੁਸ਼ ਰਹਿੰਦਾ ਸੀ। ਦਿਨ ਰਾਤ ਉਹਨਾਂ ਦੀ ਸੇਵਾ ਕਰਦਾ ਸੀ ਅਤੇ ਬਹੁਤ ਹੀ ਆਗਿਆਕਾਰੀ ਸੀ।

ਇੱਕ ਰਾਤ ਨੂੰ ਜਦੋਂ ਸਰਵਨ ਦੀ ਅੱਖ ਖੁੱਲ੍ਹੀ ਤੇ ਉਸਨੇ ਦੇਖਿਆ ਕਿ ਉਸਦੇ ਮਾਤਾ ਪਿਤਾ ਆਪਸ ਵਿੱਚ ਗੱਲ-ਬਾਤ ਕਰ ਰਹੇ ਹਨ । ਮਾਤਾ ਜੀ ਕਹਿ ਰਹੇ ਸਨ ਕਿ ਮੈਂ ਤੀਰਥ ਯਾਤਰਾ ਜਾਣਾ ਚਾਹੁੰਦੀ ਹਾਂ। ਪਿਤਾ ਜੀ ਨੇ ਸੁਣ ਕੇ ਉੱਤਰ ਦਿੱਤਾ ਕਿ ਅਸੀਂ ਦੋਨੋਂ ਹੀ ਅੰਨ੍ਹੇ ਅਤੇ ਲੰਗੜੇ ਹਾਂ। ਸਾਡੇ ਦੋਹਾਂ ਦਾ ਇਹ ਸੁਪਨਾ ਪੂਰਾ ਨਹੀਂ ਹੋ ਸਕਦਾ। ਪਿਤਾ ਜੀ ਕਹਿਣ ਲੱਗੇ ਕਿ ਇਸਦੇ ਪਿੱਛੇ ਵੀ ਪ੍ਰਭੂ ਦੀ ਕੋਈ ਇੱਛਾ ਹੋਵੇਗੀ। ਸਾਨੂੰ ਉਦਾਸ ਨਹੀਂ ਹੋਣਾ ਚਾਹੀਦਾ ਕਿਉਂਕਿ ਉਸ ਪ੍ਰਮਾਤਮਾ ਨੇ ਸਾਨੂੰ ਇੱਕ ਬਹੁਤ ਹੀ ਆਗਿਆਕਾਰੀ, ਸਿਆਣਾ ਅਤੇ ਸੇਵਾ ਕਰਨ ਵਾਲਾ ਪੁੱਤਰ ਦਿੱਤਾ ਹੈ। ਇਹ ਸਭ ਗੱਲਾਂ ਸੁਣ ਕੇ ਸਰਵਨ ਮਨ ਹੀ ਮਨ ਵਿਚਾਰ ਕਰਦਾ ਹੈ ਕਿ ਮੈਂ ਕਿਸ ਤਰ੍ਹਾਂ ਆਪਣੇ ਮਾਤਾ-ਪਿਤਾ ਨੂੰ ਤੀਰਥ ਯਾਤਰਾ 'ਤੇ ਲੈ ਕੇ ਜਾ ਸਕਦਾ ਹਾਂ।

ਸਰਵਨ ਬਹੁਤ ਹੀ ਮਿਹਨਤੀ ਅਤੇ ਸਮਝਦਾਰ ਸੀ। ਉਸਨੇ ਬਾਂਸ ਦਾ ਮਜ਼ਬੂਤ ਡੰਡਾ, ਦੋ ਟੋਕਰੀਆਂ ਅਤੇ ਰੱਸੀ ਨਾਲ ਉਸਨੂੰ ਬੰਨ ਕੇ ਇੱਕ ਵਹਿੰਗੀ ਬਣਾ ਲਈ। ਉਸਨੇ ਆਪਣੇ ਮਾਤਾ-ਪਿਤਾ ਨੂੰ ਟੋਕਰੀਆਂ ਵਿੱਚ ਬਿਠਾ ਕੇ ਈਸ਼ਵਰ ਨੂੰ ਯਾਦ ਕੀਤਾ ਅਤੇ ਆਪਣੀ ਯਾਤਰਾ ਆਰੰਭ ਕਰ ਲਈ।

ਉਸਨੇ ਰਸਤੇ, ਖੇਤ, ਜੰਗਲ, ਪਹਾੜ, ਖਾਈਆਂ ਅਤੇ ਨਦੀਆਂ ਸਭ ਬੜੇ ਪ੍ਰੇਮ ਨਾਲ ਪਾਰ ਕੀਤੇ। ਗੰਗਾ ਅਤੇ ਯਮੁਨਾ ਪਵਿੱਤਰ ਨਦੀਆਂ ਵੀ ਪਾਰ ਕੀਤੀਆਂ। ਭਿੰਨ-ਭਿੰਨ ਦੇਵੀ-ਦੇਵਤਿਆਂ ਦੇ ਮੰਦਰਾਂ ਵਿੱਚ ਲੈ ਕੇ ਗਿਆ ਅਤੇ ਦਰਸ਼ਨ ਕੀਤੇ। ਪਵਿੱਤਰ ਨਦੀਆਂ ਵਿੱਚ ਵੀ ਇਸ਼ਨਾਨ ਕਰਵਾਇਆ ਅਤੇ ਬੜੇ ਪਿਆਰ ਨਾਲ ਉਹਨਾਂ ਦੀ ਸੇਵਾ ਕਰਦਾ ਰਿਹਾ। ਉਸ ਲਈ ਉਸਦੇ ਮਾਤਾ-ਪਿਤਾ ਭਗਵਾਨ ਦੇ ਬਰਾਬਰ ਸਨ ਅਤੇ ਉਸਦੇ ਮਾਤਾ-ਪਿਤਾ ਸਰਵਨ ਨੂੰ ਆਪਣੇ ਪੁੱਤਰ ਦੇ ਰੂਪ ਵਿੱਚ ਵੇਖ ਕੇ ਬਹੁਤ ਖੁਸ਼ ਸਨ। ਸਰਵਨ ਆਪਣੇ ਮਾਤਾ-ਪਿਤਾ ਨੂੰ ਖੁਸ਼ ਦੇਖ ਕੇ ਬਹੁਤ ਹੀ ਪ੍ਰਸੰਨ ਹੁੰਦਾ।

ਰਸਤੇ ਵਿੱਚ ਕੋਈ ਸਾਫ਼-ਸੁਥਰੀ ਜਗ੍ਹਾ 'ਤੇ ਵਹਿੰਗੀ ਰੱਖ ਖਾਣ-ਪੀਣ ਦਾ ਪ੍ਰਬੰਧ ਕਰਦਾ ਅਤੇ ਉਹਨਾਂ ਨੂੰ ਆਰਾਮ ਕਰਨ ਲਈ ਕਹਿੰਦਾ। ਪੂਰੇ ਉਤਸ਼ਾਹ ਅਤੇ ਸੇਵਾ ਭਾਵਨਾ ਨਾਲ ਉਸਨੇ ਆਪਣੀ ਯਾਤਰਾ ਪੂਰੀ ਕੀਤੀ। ਸਰਵਨ ਦੇ ਮਾਤਾ-ਪਿਤਾ ਦੀ ਖੁਸ਼ੀ ਦਾ ਤੇ ਠਿਕਾਨਾ ਹੀ ਨਹੀਂ ਸੀ, ਉਹ ਦਿਲ ਤੋਂ ਉਸ ਅਕਾਲਪੁਰਖ ਦਾ ਧੰਨਵਾਦ ਕਰਦੇ ਰਹਿੰਦੇ। ਜਿਸ ਦੀ ਕਿਰਪਾ ਸਦਕਾ ਉਹਨਾਂ ਨੂੰ ਸਰਵਨ ਵਰਗੇ, ਆਗਿਆਕਾਰੀ ਸੇਵਾਭਾਵੀ ਅਤੇ ਸਤਿਕਾਰੀ ਪੁੱਤਰ ਦੀ ਦਾਤ ਮਿਲੀ ਸੀ।

ਉਹਨਾਂ ਨੇ ਆਪਣੇ ਪੁੱਤਰ ਨੂੰ ਬਹੁਤ ਆਸ਼ੀਰਵਾਦ ਦਿੱਤੇ, ਜਿਨ੍ਹੇ ਇਕ ਬਹੁਤ ਹੀ ਅਸੰਭਵ ਕੰਮ ਨੂੰ ਬੜੀ ਸਰਲਤਾ ਅਤੇ ਪਿਆਰ ਨਾਲ ਪੂਰਾ ਕੀਤਾ। ਆਪਣੇ ਬੁੱਢੇ ਅਤੇ ਲੰਗੜੇ ਮਾਤਾ-ਪਿਤਾ ਨੂੰ ਸਾਰੇ ਤੀਰਥ ਸਥਲਾਂ ਦੀ ਯਾਤਰਾ ਕਰਵਾਈ।

**ਪ੍ਰਿੰ. ਸਤਵੰਤ ਕੌਰ**

.........................................................

# ਪੁਸਤਕ ਰੀਵਿਊ- ਸੁਖ਼ਨ ਏ ਬੇਅੰਤ

ਦਵਿੰਦਰ ਸਿੰਘ ਗਿੱਲ ਜੀਆ ਨੱਥਾ

**ਸੰਪਾਦਕ - ਜਸਵੰਤ ਸਿੰਘ ਮਸਤ, ਗੁਰਲਾਲ ਸਿੰਘ, ਭਜਨ ਸਿੰਘ**

**ਪ੍ਰਕਾਸ਼ਕ - ਵਿਸ਼ਵ ਨਾਮਧਾਰੀ ਸੰਗਤ ਸ੍ਰੀ ਭੈਣੀ ਸਾਹਿਬ**

ਇਸ ਸਾਲ ਸਤਿਗੁਰੂ ਜਗਜੀਤ ਸਿੰਘ ਜੀ ਦੀ ਪਹਿਲੀ ਸੌ ਸਾਲਾ ਸ਼ਤਾਬਦੀ ਨੂੰ ਨਾਮਧਾਰੀ ਪੰਥ ਬੜੇ ਚਾਅ ਤੇ ਉਤਸ਼ਾਹ ਨਾਲ ਮਨਾ ਰਿਹਾ ਹੈ। ਇਸ ਸ਼ਤਾਬਦੀ ਸਾਲ ਮੌਕੇ ਅਨੇਕ ਪੁਸਤਕਾਂ ਪ੍ਰਕਾਸ਼ਤ ਹੋਈਆਂ ਹਨ, ਸਤਿਜੁਗ, ਵਰਿਆਮ, ਵਰਤਮਾਨ ਹਿੰਦੁਸਤਾਨ ਦੇ ਸਤਿਗੁਰੂ ਜਗਜੀਤ ਸਿੰਘ ਜੀ ਵਿਸ਼ੇਸ਼ ਅੰਕ ਪ੍ਰਕਾਸ਼ਤ ਹੋਏ ਹਨ ਅਤੇ ਉਸ ਲੜੀ ਵਿੱਚ ਪੁਸਤਕ 'ਸਖ਼ਨ-ਏ-ਬੇਅੰਤ' ਪ੍ਰਕਾਸ਼ਤ ਹੋਈ ਹੈ। ਇਸ ਪੁਸਤਕ ਦੇ ਲੇਖਕ ਅਤੇ ਸੰਪਾਦਕ ਜਸਵੰਤ ਸਿੰਘ ਮਸਤ, ਗੁਰਲਾਲ ਸਿੰਘ ਅਤੇ ਭਜਨ ਸਿੰਘ ਹਨ। ਉਹ ਨਾਮਧਾਰੀ ਇਤਿਹਾਸ ਤੇ ਸਾਹਿਤ ਦੇ ਉੱਠ ਰਹੇ ਵਿਦਵਾਨ ਹਨ, ਜਿਨ੍ਹਾਂ ਤੇ ਸਾਨੂੰ ਮਾਣ ਹੈ। ਉਨ੍ਹਾਂ ਦੀ ਕਲਮਾਂ ਤੇ ਸਾਨੂੰ ਬਹੁਤ ਮਾਣ ਹੈ।

ਸਤਿਗੁਰੂ ਜੀ ਬਾਰੇ ਡਾਇਰੀ ਨੁਮਾ ਪ੍ਰੀਤਮ ਸਿੰਘ ਕਵੀ ਜੀ ਨੇ 'ਬੀਤੇ ਦੀਆਂ ਪੈੜਾਂ' ਵਡ ਅਕਾਰੀ ਰਚਨਾ ਦੀ ਸਿਰਜਣਾ ਕੀਤੀ ਸੀ ਜਿਸ ਦੇ ਅੱਜ ਤਕ 17 ਹਿੱਸੇ ਛਪ ਚੁੱਕੇ ਹਨ ਅਤੇ ਅਗਲਾ 18 ਹਿੱਸਾ ਲੜੀਵਾਰ ਸਤਿਜੁਗ ਅਖ਼ਬਾਰ ਵਿੱਚ ਛਪ ਰਿਹਾ ਹੈ ਜੋ ਛੇਤੀ ਹੀ ਆਸ ਹੈ ਕਿ ਪਾਠਕਾਂ ਦੇ ਹੱਥਾਂ ਵਿੱਚ ਆ ਜਾਵੇਗਾ। ਵਿਦਵਾਨ ਸੰਪਾਦਕਾਂ ਨੇ ਘੋਖ ਪੜਤਾਲ ਕਰਕੇ ਉਹਨਾਂ ਸਤਾਰਾਂ ਹਿੱਸਿਆਂ ਨੂੰ ਪੜ੍ਹਿਆ ਹੈ ਅਤੇ ਪੜ੍ਹਕੇ 'ਸੁਖ਼ਨ ਏ ਬੇਅੰਤ' ਪੁਸਤਕ ਦੀ ਰਚਨਾ ਕੀਤੀ ਹੈ।

ਇਸ ਪੁਸਤਕ ਵਿੱਚ ਸਤਿਗੁਰੂ ਜੀ ਦੀਆਂ ਉਹ ਕੋਸ਼ਿਸ਼ਾਂ ਅਤੇ ਸੰਗਤਾਂ ਨੂੰ ਉਸ ਅਵੇਸਲਾਪਣ ਦੂਰ ਕਰਨ ਲਈ ਉਨ੍ਹਾਂ ਦਾ ਰਾਹ ਦਸੇਰਾ ਬਣ ਕੇ ਸੱਚੇ ਮਾਰਗ ਤੇ ਚੱਲਣ ਦੀ ਪ੍ਰੇਰਨਾ ਕੀਤੀ ਹੈ ਅਤੇ ਸਤਿਗੁਰੂ ਜੀ ਦੇ ਉਪਦੇਸ਼ਾਂ ਨੂੰ ਕਵੀ ਜੀ ਨੇ ਛੋਟੇ-ਛੋਟੇ ਸਿਰਲੇਖ ਦੇ ਕੇ ਆਪਣੀਆਂ ਪੁਸਤਕਾਂ ਵਿੱਚ ਸਮੋਅ ਲਿਆ ਹੈ। ਅੱਗੋਂ ਵਿਦਵਾਨ ਸੰਪਾਦਕਾਂ ਨੇ ਹਰ ਗੁਰਸਿੱਖ ਲਈ ਜੋ ਉਹ ਪ੍ਰੇਰਣਾ ਸਰੋਤ ਬਣੀਆਂ ਹਨ, ਉਨ੍ਹਾਂ 'ਸੁਖ਼ਨੇ ਏ ਬੇਅੰਤ' ਪੁਸਤਕ ਵਿੱਚ ਸ਼ਾਮਲ ਕਰਕੇ ਕਵੀ ਜੀ ਦੀ ਕਲਮ ਅਤੇ ਉਨ੍ਹਾਂ ਦੀਆਂ ਲਿਖਤਾਂ ਨੂੰ ਅਮਰ ਕਰ ਦਿੱਤਾ ਹੈ।

ਨਾਮਧਾਰੀ ਸਾਹਿਤ ਦੇ ਇਤਿਹਾਸ ਵਿੱਚ ਸ਼ਾਇਦ ਪਹਿਲੀ ਵਾਰ ਹੋਇਆ ਹੈ ਕਿ ਕੋਈ ਪੁਸਤਕ ਪ੍ਰਕਾਸ਼ਤ ਹੋਈ ਹੋਵੇ ਤਾਂ ਉਹ ਸਾਰਾ ਐਡੀਸ਼ਨ ਇੱਕ ਮਹੀਨੇ ਵਿੱਚ ਖ਼ਤਮ ਹੋ ਗਿਆ ਹੋਵੇ। ਇਹ ਪੁਸਤਕ ਪਹਿਲੀ ਵਾਰ ਨਵੰਬਰ 2020 ਵਿੱਚ ਪ੍ਰਕਾਸ਼ਤ ਹੋਈ ਸੀ ਅਤੇ ਉਹ ਐਡੀਸ਼ਨ ਲਗਪਗ ਇੱਕ ਮਹੀਨੇ ਵਿੱਚ ਖ਼ਤਮ ਹੋ ਗਿਆ। ਫਿਰ ਇਸ ਦਾ ਦੂਜਾ ਐਡੀਸ਼ਨ ਦਸੰਬਰ 2020 ਵਿੱਚ ਮੁੜ ਪ੍ਰਕਾਸ਼ਤ ਕੀਤਾ ਗਿਆ। ਨਾਮਧਾਰੀ ਜਗਤ ਵਿੱਚ ਇਸ ਪੁਸਤਕ ਦੀ ਬਹੁਤ ਮੰਗ ਵਧੀ ਹੈ। ਇਸ ਪੁਸਤਕ ਦੀ ਪ੍ਰਕਾਸ਼ਨਾ ਨੇ ਪਾਠਕਾਂ ਦੇ ਮਨਾਂ ਵਿੱਚ ਕਵੀ ਜੀ ਦੀ ਯਾਦ ਨੂੰ ਤਾਜ਼ਾ ਕਰ ਦਿੱਤਾ ਹੈ।

ਮੈਂ ਸਤਿਜੁਗ ਦੇ ਪਾਠਕਾਂ ਨੂੰ ਬੇਨਤੀ ਕਰਦਾ ਹਾਂ ਕਿ ਵੱਧ ਤੋਂ ਵੱਧ ਪਾਠਕ ਇਸ ਪੁਸਤਕ ਨੂੰ ਪੜ੍ਹਨ ਅਤੇ ਹਰ ਘਰ ਵਿੱਚ ਇਸ ਪੁਸਤਕ ਨੂੰ ਪਹੁੰਚਾਉਣਾ ਚਾਹੀਦਾ ਹੈ। ਪੁਸਤਕ ਦੀ ਲਾਗਤ ਮਾਤਰ 150/- ਰੁਪਏ ਹੈ ਜੋ ਇੰਮਪੋਰਟਿਡ ਕਾਗ਼ਜ਼ ਤੇ ਪ੍ਰਕਾਸ਼ਤ ਹੋਈ ਹੈ। ਮੇਰੇ ਵੱਲੋਂ ਵਿਸ਼ਵ ਨਾਮਧਾਰੀ ਸੰਗਤ ਸ੍ਰੀ ਭੈਣੀ ਸਾਹਿਬ ਨੂੰ ਸਤਿਗੁਰੂ ਜੀ ਦੀ 100 ਸਾਲਾ ਸ਼ਤਾਬਦੀ ਦੇ ਮੌਕੇ ਪ੍ਰਕਾਸ਼ਤ ਦੀਆਂ ਵਧਾਈਆਂ ਦਿੰਦਾ ਹਾਂ ਅਤੇ ਆਸ ਕਰਦਾ ਹਾਂ ਕਿ ਐਸੀਆਂ ਵੱਡਮੁੱਲੀਆਂ ਗਿਆਨ ਭਰਪੂਰ ਹੋਰ ਵੀ ਪੁਸਤਕਾਂ ਭਵਿੱਖ ਵਿਚ ਛਪਣਗੀਆਂ।

..........................................

# ਪੁਸਤਕ ਰੀਵਿਊ- ਸਿੱਖੀ ਸਰੂਪ ਦੀ ਸ਼ਾਨ : ਨਾਮਧਾਰੀ ਹਾਕੀ ਟੀਮ

**ਦਵਿੰਦਰ ਸਿੰਘ ਗਿੱਲ ਜੀਆ ਨੱਥਾ**

**ਸੰਪਾਦਕ- ਜਸਵੰਤ ਸਿੰਘ ਮਸਤ, ਅਨਮੋਲਕ ਸਿੰਘ, ਗੁਰਲਾਲ ਸਿੰਘ, ਭਜਨ ਸਿੰਘ**
**ਪ੍ਰਕਾਸ਼ਕ- ਵਿਸ਼ਵ ਨਾਮਧਾਰੀ ਸੰਗਤ, ਸ੍ਰੀ ਭੈਣੀ ਸਾਹਿਬ**
**ਮੁੱਲ - 250 ਰੁਪਏ**

ਗੁਰਬਾਣੀ ਵਿੱਚ 'ਨਚਣੁ ਕੁਦਣ ਮਨ ਕਾ ਚਾਉ' ਆਖਿਆ ਹੈ ਪ੍ਰੰਤੂ ਜਦੋਂ ਮਨ ਸਾਧ ਕੇ ਭਾਵ ਨਾਮ ਸਿਮਰਨ ਕਰ ਕੇ ਅਤੇ ਸਤਿਗੁਰਾਂ ਦਾ ਹੁਕਮ ਮੰਨ ਕੇ ਮਰਿਆਦਾ ਦੇ ਧਾਰਨੀ ਹੋ ਕੇ ਨੱਚਣ ਕੁੱਦਣ ਕੀਤਾ ਜਾਵੇ ਤਾਂ Sound mind in sound body ਸਾਕਾਰ ਹੁੰਦਾ ਤੇ ਸਤਿਗੁਰੂ ਜੀ ਦੀਆਂ ਖੁਸ਼ੀਆਂ ਹਾਸਲ ਕੀਤੀਆਂ ਜਾ ਸਕਦੀਆਂ ਹਨ। ਇਹ ਪਰੰਪਰਾ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਸ਼ੁਰੂ ਹੋ ਗਈ ਸੀ। ਉਹ ਆਪ ਵੀ ਮੱਝਾਂ ਚਰਾਉਂਦੇ ਤੇ ਹਾਣੀਆਂ ਨੂੰ ਨਾਮ ਸਿਮਰਨ ਦੀ ਪ੍ਰੇਰਨਾ ਕਰਦੇ ਫਿਰ ਆਪ ਵੀ ਖੇਡਾਂ ਖੇਡਦੇ ਅਤੇ ਚਰਨ ਸ਼ਰਨ ਆਏ ਹਾਣੀਆਂ ਨੂੰ ਐਸਾ ਕਰਨ ਦੀ ਪ੍ਰੇਰਨਾ ਕਰਦੇ ਸਨ। ਉਦਾਸੀਆਂ ਤੋਂ ਬਾਅਦ ਉਸ ਪਰੰਪਰਾ ਨੂੰ ਉਨ੍ਹਾਂ ਨੇ ਵਿਆਪਕ ਪੱਧਰ ਤੇ ਕਾਇਮ ਕੀਤਾ ਅਤੇ ਕਰਤਾਰਪੁਰ ਦੀ ਧਰਤੀ ਤੇ ਧਰਮਸ਼ਾਲਾ ਵੀ ਕਾਇਮ ਕੀਤੀ ਸੀ ਤੇ ਖੇਤੀ ਵੀ ਕੀਤੀ ਸੀ। ਉਨ੍ਹਾਂ ਦੇ ਜੋਤੀ-ਜੋਤ ਸਮਾ ਜਾਣ ਤੋਂ ਬਾਅਦ ਇਹੋ ਪ੍ਰੰਪਰਾ ਨੂੰ ਅਗਲੇ ਗੁਰੂ ਸਾਹਿਬਾਨ ਨੇ ਅੱਗੇ ਵਧਾਇਆ ਸੀ। ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਨੇ ਸ੍ਰੀ ਅੰਮ੍ਰਿਤਸਰ ਸ਼ਹਿਰ ਵਿੱਚ ਸਰੀਰ ਕਾਇਮ ਰੱਖਣ ਲਈ ਮਲ ਅਖਾੜਾ ਹੋਂਦ ਵਿੱਚ ਲਿਆਂਦਾ ਸੀ। ਜਿੱਥੇ ਗੁਰੂ ਜੀ ਆਪ ਵੀ ਪੈਂਦਾ ਖ਼ਾਨ ਵਰਗੇ ਸਿੱਖਾਂ ਨਾਲ ਘੋਲ ਕਰਿਆ ਕਰਦੇ ਸਨ ਅਤੇ ਗੁਰਸਿੱਖਾਂ ਦੇ ਘੋਲ ਵੀ ਦੇਖਿਆ ਕਰਦੇ ਸਨ। ਅੱਜ ਉਸ ਅਸਥਾਨ ਗੁਰਦੁਆਰਾ ਮੱਲ ਅਖਾੜਾ ਸਾਹਿਬ ਅੰਮ੍ਰਿਤਸਰ ਵਿੱਚ ਮੌਜੂਦ ਹੈ। ਜੋ ਬੁਰਜ ਅਕਾਲੀ ਫੂਲਾ ਸਿੰਘ ਜੀ ਦੇ ਨੇੜੇ ਸਥਿਤ ਹੈ। ਇਹ ਅਸਥਾਨ ਅੰਤਰ-ਰਾਸ਼ਟਰੀ ਬੱਸ ਸਟੈਂਡ ਅੰਮ੍ਰਿਤਸਰ ਤੋਂ ਸਾਹਮਣੇ ਦਿਖਾਈ ਦੇਂਦਾ ਹੈ।

ਇਹੋ ਪਰੰਪਰਾ ਨੂੰ ਸਤਿਗੁਰੂ ਪ੍ਰਤਾਪ ਸਿੰਘ ਨੇ ਕਾਇਮ ਰੱਖਿਆ। ਉਹ ਜ਼ਮੀਨ ਨੂੰ ਹੱਥੀਂ ਗੋਡ ਕੇ ਜ਼ੋਰ ਅਜ਼ਮਾਈ ਕਰਦੇ ਅਤੇ ਸਿੱਖਾਂ ਨੂੰ ਵੀ ਐਸਾ ਕਰਨ ਲਈ ਪ੍ਰੇਰਦੇ ਸਨ। ਰੱਸਾਕਸੀ ਕਰਨ ਲਈ ਇਹੋ ਕਾਰਨ ਸੀ ਕਿ ਨਾਮਧਾਰੀਆਂ ਦੀ ਢੋਟੀਆਂ ਪਿੰਡ ਦੀ ਟੀਮ ਜਗਤ ਪ੍ਰਸਿੱਧ ਸੀ। ਸਤਿਗੁਰੂ ਜੀ ਆਪ ਵੀ ਘੋੜੀ ਉੱਚੀ ਤੋਂ ਉੱਚੀ ਕੰਨ ਫੜ ਕੇ ਆਪਣੇ ਲੱਕ ਨੂੰ ਫੜ ਕੇ ਉੱਪਰ ਜਾ ਬੈਠਦੇ ਸਨ, ਫਿਰ ਖੁਚ ਤੇ ਪੈਰ ਰੱਖ ਕੇ ਉੱਪਰ ਜਾ ਬੈਠਦੇ ਸਨ ਅਤੇ ਫਿਰ ਆਪ ਜੀ ਮੰਨੇ ਪ੍ਰਮੰਨੇ ਉਘੇ ਘੋੜ ਸਵਾਰ ਸਨ। ਉਨ੍ਹਾਂ ਦੇ ਹੋਰ ਵੀ ਅਦਭੁੱਤ ਕਾਰਜਾਂ ਦਾ ਵੇਰਵਾ ਪੁਸਤਕ ਵਿੱਚੋਂ ਪੜ੍ਹਿਆ ਜਾ ਸਕਦਾ ਹੈ।

ਸਮੇਂ ਦੀ ਨਬਜ਼ ਪਛਾਣ ਕੇ ਸਤਿਗੁਰੂ ਜਗਜੀਤ ਸਿੰਘ ਜੀ ਨੇ ਹਾਕੀ ਦੀ ਟੀਮ ਵੱਲ ਵਿਸ਼ੇਸ਼ ਧਿਆਨ ਦਿੱਤਾ ਸੀ। ਕੁਆਲਾਲੰਪੁਰ ਵਿਖੇ ਅਜ਼ਲਨ ਸ਼ਾਹ ਕੱਪ ਜੋ ਇੰਡੀਆ ਦੀ ਟੀਮ ਨੇ ਫਾਈਨਲ ਵਿੱਚ ਪਾਕਿਸਤਾਨ ਦੀ ਟੀਮ ਨੂੰ ਹਰਾਇਆ ਸੀ। ਉਸ ਸਮੇਂ ਲਾਇਲਪੁਰ ਖ਼ਾਲਸਾ ਕਾਲਜ ਦੇ ਸਟੂਡੈਂਟ ਰਹੇ ਅਜੀਤਪਾਲ ਸਿੰਘ ਦੀ ਕਪਤਾਨੀ ਹੇਠ ਇੰਡੀਆ ਦੀ ਟੀਮ ਖੇਡੀ ਸੀ। ਉਹ ਕੱਪ ਜਿੱਤਣ ਤੋਂ ਬਾਅਦ ਭਾਰਤੀ ਟੀਮ ਰਸਾਤਲ ਵੱਲ ਚਲੀ ਗਈ ਅਤੇ ਸਿਫਾਰਸ਼ੀ ਖਿਡਾਰੀਆਂ ਦੀ ਟੀਮ ਵਿਚ ਸ਼ਮੂਲੀਅਤ ਨਾਲ ਭਾਰਤ ਦੀ ਟੀਮ ਪਛੜ ਗਈ ਸੀ। ਇਸ ਕਾਰਨ ਹੀ ਪੰਜਾਬ ਐਂਡ ਸਿੰਧ ਬੈਂਕ ਦੀ ਟੀਮ ਹੋਂਦ ਵਿੱਚ ਆਈ। ਸ਼ਾਇਦ ਇਹੋ ਜਿਹਾ ਕੋਈ ਕਾਰਨ ਸੀ ਕਿ ਸਤਿਗੁਰੂ ਜਗਜੀਤ ਸਿੰਘ ਜੀ ਨੇ ਸੁੱਚ ਸੋਧ ਵਾਲੀ ਮਰਿਆਦਾ ਵਿੱਚ ਰਹਿੰਦੇ ਹੋਏ ਚਿੱਟੇ ਕਛਹਿਰੇ ਪਹਿਨ ਕੇ ਖੇਡਣ ਲਈ ਮਨ ਬਣਾ ਕੇ ਕੁਝ ਖਿਡਾਰੀ ਪਟਿਆਲੇ ਸ਼ਿਲੈਕਸ਼ਨ ਲਈ ਭੇਜੇ ਸਨ ਪ੍ਰੰਤੂ ਸਿਲੈਕਟਰ ਨੇ ਆਖ ਦਿੱਤਾ ਸੀ ਕਿ ਖੇਡਣ ਲਈ ਨਿੱਕਰ ਪਾਉਣੀ ਪਵੇਗੀ, ਤੁਸੀਂ ਕਛਹਿਰੇ ਨਾਲ ਖੇਡ ਨਹੀਂ ਸਕਦੇ।

ਸਤਿਗੁਰੂ ਜਗਜੀਤ ਸਿੰਘ ਜੀ ਨੇ ਕ੍ਰਿਪਾ ਕਰਦੇ ਹੋਏ ਆਖਿਆ ਸੀ ਕਿ ਸਾਰੀ ਟੀਮ ਹੀ ਨਾਮਧਾਰੀ ਖਿਡਾਰੀਆਂ ਦੀ ਸਿਰਜੀ ਜਾਏਗੀ। ਪਹਿਲਾਂ ਸ੍ਰੀ ਜੀਵਨ ਨਗਰ ਦੇ ਇਲਾਕੇ ਵਿਚੋਂ ਮੁੰਡੇ ਇਕੱਠੇ ਕੀਤੇ ਤੇ ਸਭ ਤੋਂ ਪਹਿਲਾਂ ਕੋਚ ਸ. ਪਾਲ ਸਿੰਘ ਪਿੰਡ ਬੁੱਢੀ ਨੇੜੇ ਟਾਂਡਾ ਉੜ ਮੁੜ ਜ਼ਿਲ੍ਹਾ ਹੁਸ਼ਿਆਰਪੁਰ ਨੂੰ ਬੁਲਾਇਆ ਗਿਆ ਅਤੇ ਟੀਮ ਨੂੰ ਕੋਚਿੰਗ ਦਿੱਤੀ ਗਈ। ਇਹ ਗੱਲ 1974-75 ਦੀ ਹੈ, ਪਾਲ ਸਿੰਘ ਲਗਪਗ ਇੱਕ ਸਾਲ ਟੀਮ ਨਾਲ ਰਹੇ। ਇਸ ਤੋਂ ਬਾਅਦ ਬੜੀ ਚੰਗੀ ਤਰ੍ਹਾਂ ਹਾਕੀ ਦੀ ਟੀਮ ਦੀ ਸ਼ੁਰੂਆਤ 1977 ਈ. ਵਿੱਚ ਕੀਤੀ ਗਈ ਅਤੇ ਸਿੱਖੀ ਸਰੂਪ ਵਾਲੇ ਬੱਚੇ ਇਕੱਤਰ ਕਰ ਕੇ ਇਕ ਹੋਰ ਕੋਚ ਮੋਹਨਜੀਤ ਸਿੰਘ ਨੂੰ ਰੱਖਿਆ ਗਿਆ ਤੇ ਟੀਮ ਵਿੱਚ ਤੇਜ਼ੀ ਲਿਆਂਦੀ ਗਈ। ਸਿੱਖੀ ਸਰੂਪ ਵਿਚ ਰਹਿ ਕੇ ਖਿਡਾਰੀ ਅੰਮ੍ਰਿਤ ਵੇਲੇ ਉੱਠ ਕੇ ਸਣੇ ਕੇਸ਼ੀ ਇਸ਼ਨਾਨ

ਕਰਕੇ ਨਿਤਨੇਮ ਦੀਆਂ ਬਾਣੀਆਂ ਦਾ ਪਾਠ ਕਰਦੇ ਘੱਟੋ-ਘੱਟ ਇੱਕ ਘੰਟਾ ਨਾਮ ਸਿਮਰਨ ਕਰਦੇ ਅਤੇ ਸਤਿਗੁਰੂ ਜੀ ਵੱਲੋਂ ਦਿੱਤੇ ਗੁਰਬਾਣੀ ਦੇ ਸ਼ਬਦ ਕੰਠ ਕਰਦੇ ਕੀਰਤਨ ਕਰਨ ਦੀ ਜਾਚ ਸਿੱਖਦੇ ਸਨ। ਫਿਰ ਲਗਪਗ 1978 ਈ. ਵਿੱਚ ਨਾਮਧਾਰੀ ਟੀਮ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਸ੍ਰੀ ਜੀਵਨ ਨਗਰ ਤੋਂ ਸ੍ਰੀ ਭੈਣੀ ਸਾਹਿਬ ਆ ਗਈ। ਉਸ ਟੀਮ ਵਿੱਚ ਗੁਰਨਾਮ ਸਿੰਘ, ਦੀਦਾਰ ਸਿੰਘ, ਗੁਰਚਰਨ ਸਿੰਘ, ਦੋਵੇਂ ਗੁਰਦੀਪ ਸਿੰਘ ਆਦਿ ਖਿਡਾਰੀ ਖੇਡ ਰਹੇ ਸਨ। ਪਹਿਲੀ ਇਹ ਸੰਤੁਲਨ ਟੀਮ ਸੀ। ਜਿਸ ਨੇ 1980 ਵਿੱਚ ਜੂਨੀਅਰ ਨਹਿਰੂ ਹਾਕੀ ਟੂਰਨਾਮੈਂਟ ਜਿੱਤਿਆ ਸੀ। ਸਤਿਗੁਰੂ ਜੀ ਦੀ ਅਪਾਰ ਕ੍ਰਿਪਾ ਸਦਕਾ ਅਜੇ ਨਾਮਧਾਰੀ ਹਾਕੀ ਟੀਮ ਸਫ਼ਲਤਾ ਦੀਆਂ ਬੁਲੰਦੀਆਂ ਛੂਹ ਰਹੀ ਹੈ ਫਿਰ ਜੂਨੀਅਰ ਤੇ ਸੀਨੀਅਰ ਗਰੁੱਪ ਤਿਆਰ ਕੀਤੇ ਅਤੇ ਨਾਮਧਾਰੀ ਹਾਕੀ ਅਕੈਡਮੀ ਦੀ ਹੋਂਦ ਪ੍ਰਗਟ ਕੀਤੀ। ਸਮੇਂ-ਸਮੇਂ ਇਸ ਟੀਮ ਦੇ ਕੋਚ ਬਦਲਦੇ ਰਹੇ। ਖਿਡਾਰੀਆਂ ਨੂੰ ਉੱਚ ਕੋਟੀ ਦੀ ਕੋਚਿੰਗ ਦਿੱਤੀ ਗਈ ਅਤੇ ਦਿੱਤੀ ਜਾਂਦੀ ਹੈ। ਅੱਜ ਇਹ ਖਿਡਾਰੀ ਸਾਰੇ ਸੰਸਾਰ ਵਿੱਚ ਛਾ ਗਏ ਹਨ। ਨਾਮਵਰ ਪ੍ਰਸਿੱਧ ਹਾਕੀ ਟੀਮਾਂ ਨਾਮਧਾਰੀ ਟੀਮ ਨਾਲ ਖੇਡਣ ਤੋਂ ਹਿਚਕਚਾਉਂਦੀਆਂ ਤੇ ਅੱਜ ਪ੍ਰਸਿੱਧ ਟੀਮਾਂ ਖੇਡਣ ਤੋਂ ਪਹਿਲਾਂ 100 ਵਾਰ ਸੋਚਦੀਆਂ ਹਨ।

ਸਤਿਗੁਰੂ ਜਗਜੀਤ ਸਿੰਘ ਦੇਹ ਦਾ ਓਹਲਾ ਕਰ ਜਾਣ ਤੋਂ ਬਾਅਦ ਉਹ ਸਾਰੀ ਜ਼ਿੰਮੇਵਾਰੀ ਸਤਿਗੁਰੂ ਉਦੇ ਸਿੰਘ ਜੀ ਸੰਭਾਲ ਰਹੇ ਹਨ। ਉਨ੍ਹਾਂ ਦੀ ਰਹਿਨੁਮਾਈ ਹੇਠ ਨਾਮਧਾਰੀ ਪੰਥ ਨੇ ਹਰ ਖੇਤਰ ਵਿੱਚ ਉੱਨਤੀ ਕੀਤੀ ਹੈ। ਕਈ ਖਿਡਾਰੀ ਦੇਸ਼ ਵਿਦੇਸ਼ ਵਿਚ ਸੈਟਲ ਹੋ ਚੁੱਕੇ ਹਨ ਅਤੇ ਕਈਆਂ ਨੂੰ ਗੌਰਮਿੰਟ ਦੇ ਪ੍ਰਸਿੱਧ ਅਦਾਰਿਆਂ ਨੇ ਸੰਭਾਲਿਆ ਹੈ। ਉਹ ਇੰਡੀਆ ਦੀ ਟੀਮ ਵਿੱਚ ਖੇਡ ਵੀ ਰਹੇ ਹਨ ਅਤੇ ਸੁਚ-ਸੋਧ ਮਰਿਆਦਾ ਤੇ ਨਾਮ ਬਾਣੀ ਦਾ ਪ੍ਰਚਾਰ ਵੀ ਕਰ ਰਹੇ ਹਨ ਕਿਉਂਕਿ ਜਦੋਂ ਉਹ ਮੈਚ ਸਮੇਂ ਹੱਥ ਵਿੱਚ ਗੜਵਾ ਲੈ ਕੇ ਜਾਂਦੇ ਹਨ ਤਾਂ ਵਿਰੋਧੀ ਟੀਮ ਦੇ ਖਿਡਾਰੀ ਚਕ੍ਰਿਤ ਹੋ ਜਾਂਦੇ ਹਨ ਕਿਉਂਕਿ ਉਨ੍ਹਾਂ ਨੂੰ ਇਹੋ ਭਾਸਦਾ ਹੈ ਕਿ ਨਾਮਧਾਰੀ ਗੜਵਿਆਂ ਵਿੱਚ ਮੌਜੂਦ ਪਾਣੀ ਨੂੰ ਮੰਤਰ ਫੂਕਿਆ ਹੁੰਦਾ ਹੈ ਤਾਂ ਹੀ ਉਨ੍ਹਾਂ ਦੀ ਜਿੱਤ ਹੁੰਦੀ ਹੈ।

ਵਿਸ਼ਵ ਨਾਮਧਾਰੀ ਸੰਗਤ ਸ੍ਰੀ ਭੈਣੀ ਸਾਹਿਬ ਨੇ ਸਤਿਗੁਰੂ ਜਗਜੀਤ ਸਿੰਘ ਜੀ ਦੀ 100 ਸਾਲਾ ਸ਼ਤਾਬਦੀ ਤੇ ਅਨੇਕਾਂ ਪੁਸਤਕਾਂ ਪ੍ਰਕਾਸ਼ਤ ਕੀਤੀਆਂ ਹਨ। ਇਨ੍ਹਾਂ ਪੁਸਤਕਾਂ ਵਿੱਚ ਨਵ ਪ੍ਰਕਾਸ਼ਤ ਪੁਸਤਕਾਂ ਵਿੱਚੋਂ 'ਸਿੱਖੀ ਸਰੂਪ ਦੀ ਸ਼ਾਨ ਨਾਮਧਾਰੀ ਹਾਕੀ' ਸੋਵੀਨਰ ਪ੍ਰਕਾਸ਼ਤ ਹੋਇਆ ਹੈ। ਇਹ ਪਹਿਲੀ ਵਾਰ ਹੋਇਆ ਹੈ ਨਾਮਧਾਰੀ ਹਾਕੀ ਟੀਮ ਦੇ ਇਤਿਹਾਸ ਬਾਰੇ ਗੱਲ ਹੋਈ ਹੈ। ਇਹ ਪੁਸਤਕ ਦੋ ਰੂਪ ਵਿੱਚ ਪਾਠਕਾਂ ਸਾਹਮਣੇ ਆਈ ਹੈ। ਇਸ ਦਾ ਇੱਕ ਰੂਪ ਸਰੂਪ ਕਿਤਾਬ ਦੀ ਸ਼ਕਲ ਵਿੱਚ ਪ੍ਰਕਾਸ਼ਤ ਹੋਇਆ। ਜਿਸ ਵਿੱਚ ਨਾਮਧਾਰੀ ਹਾਕੀ ਟੀਮ ਬਾਰੇ ਕੋਈ ਵੀ ਤਸਵੀਰ ਪ੍ਰਕਾਸ਼ਤ ਨਹੀ ਹੋਈ। ਸਿਰਫ਼ ਉਸ ਵਿੱਚ ਮੈਟਰ ਹੀ ਪ੍ਰਕਾਸ਼ਤ ਹੋਇਆ ਹੈ। ਇਸ ਦਾ ਦੂਜਾ ਸਰੂਪ ਸੋਵੀਨਾਰ ਸ਼ਕਲ ਵਿੱਚ ਪ੍ਰਕਾਸ਼ਤ ਹੋਇਆ ਹੈ ਇਸ ਵਿੱਚ ਲਗਪਗ 200 ਰੰਗੀਨ ਤਸਵੀਰਾਂ ਪ੍ਰਕਾਸ਼ਤ ਹੋਈਆਂ ਹਨ। ਦੋਵੇਂ ਪੁਸਤਕਾਂ ਵਿੱਚ ਇੱਕੋ ਮੈਟਰ ਹੈ ਅਤੇ ਪੁਸਤਕਾਂ ਦੇ ਲੇਖਕ ਅਤੇ ਸੰਪਾਦਕ ਵੀ ਇੱਕੋ ਹੀ ਹਨ।

ਪੁਸਤਕਾਂ ਦੀ ਆਰੰਭਤਾ ਸਤਿਗੁਰੂ ਜਗਜੀਤ ਸਿੰਘ ਜੀ ਅਤੇ ਸਤਿਗੁਰੂ ਉਦੇ ਸਿੰਘ ਜੀ ਦੇ ਉਪਦੇਸ਼ਾਂ ਨਾਲ ਹੁੰਦੀ ਹੈ। ਜਿਨ੍ਹਾਂ ਵਿੱਚ ਨਾਮਧਾਰੀ ਹਾਕੀ ਟੀਮ ਦੀ ਘਾਲ ਕਮਾਈ ਬਾਰੇ ਜ਼ਿਕਰ ਹੋਇਆ ਹੈ ਫਿਰ ਅਜੀਤ ਸਿੰਘ ਲਾਇਲ ਦਾ ਲੇਖ ਆਉਂਦਾ ਹੈ, ਜਿਸ ਵਿਚ ਪੁਸਤਕਾਂ ਅੰਦਰਲੇ ਮੈਟਰ ਬਾਰੇ ਝਾਤ ਪਵਾਈ ਹੈ। ਉਨ੍ਹਾਂ ਤੋਂ ਬਿਨਾਂ ਕ੍ਰਮਵਾਰ ਸਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ, ਸੁਰਜੀਤ ਸਿੰਘ ਜੀਤ, ਗੁਰਲਾਲ ਸਿੰਘ, ਭਜਨ ਸਿੰਘ, ਜਸਵੰਤ ਸਿੰਘ ਮਸਤ, ਗੁਰਮੁਖ ਸਿੰਘ ਰਹਿਬਰ, ਕਵੀਸ਼ਰ ਗੁਰਸੇਵਕ ਸਿੰਘ, ਜਗਰੂਪ ਸਿੰਘ ਜਰਖੜ, ਬੀਤੇ ਦੀਆਂ ਪੈੜਾਂ 17 ਹਿੱਸੇ ਕ੍ਰਿਤ ਕਵੀ ਪ੍ਰੀਤਮ ਸਿੰਘ, ਗੁਰਚਰਨ ਸਿੰਘ ਧਾਲੀਵਾਲ, ਜਸਵੀਰ ਸਰਾਂ, ਗੁਰਦੇਵ ਸਿੰਘ ਚੀਮਾ ਆਦਿਕ ਦੀਆਂ ਕ੍ਰਿਤਾਂ ਅਤੇ ਵੱਖ ਵੱਖ ਸਮੇਂ ਹਾਕੀ ਟੀਮਾਂ ਦੇ ਪ੍ਰਕਾਸ਼ਤ ਖ਼ਬਰਾਂ ਦੀਆਂ ਕਟਿੰਗਜ਼ ਅਤੇ ਤਿੰਨ ਅੰਗਰੇਜ਼ੀ ਲੇਖ ਵੀ ਨਾਮਧਾਰੀ ਹਾਕੀ ਟੀਮ ਬਾਰੇ ਪ੍ਰਕਾਸ਼ਤ ਹੋਏ ਹਨ। ਇਨ੍ਹਾਂ ਤੋਂ ਬਿਨਾਂ ਪੁਸਤਕ ਹੋਰ ਰੌਚਕ ਬਣਾਉਣ ਲਈ ਅੰਤਰਰਾਸ਼ਟਰੀ ਹਾਕੀ ਖਿਡਾਰੀਆਂ ਦੇ ਨਾਮਧਾਰੀ ਹਾਕੀ ਟੀਮ ਬਾਰੇ ਵਿਚਾਰ ਅੰਕਿਤ ਕੀਤੇ ਹਨ। ਪੁਸਤਕ ਹਰ ਪੱਖ ਤੋਂ ਗਿਆਨ ਭਰਪੂਰ ਹੈ। ਪੁਸਤਕਾਂ ਸਾਂਭਣਯੋਗ ਸੌਗਾਤ ਹਨ। ਹਰ ਪਾਠਕ ਦੇ ਘਰ ਵਿੱਚ ਇਨ੍ਹਾਂ ਪੁਸਤਕਾਂ ਨੂੰ ਖਰੀਦ ਕੇ ਪੜ੍ਹਨਾ ਚਾਹੀਦਾ ਹੈ। ਨਾਮਧਾਰੀ ਹਾਕੀ ਟੀਮ ਦੀ ਘਾਲ ਕਮਾਈ ਬਾਰੇ ਸੰਪੂਰਨ ਜਾਣਕਾਰੀ ਹਾਸਲ ਹੁੰਦੀ ਹੈ। ਸਤਿਗੁਰੂ ਜੀ ਨੇ ਫੁਟਬਾਲ ਟੀਮ ਵੀ ਤਿਆਰ ਕਰਨੀ ਸ਼ੁਰੂ ਕੀਤੀ ਹੈ ਮੇਰੀ ਸਤਿਗੁਰਾਂ ਦੇ ਚਰਨਾਂ ਵਿੱਚ ਅਰਦਾਸ ਹੈ ਕਿ ਫੁੱਟਬਾਲ ਟੀਮ ਦੀ ਸਫ਼ਲਤਾ ਦੀਆਂ ਬੁਲੰਦੀਆਂ ਛੂਹੇ ਅਤੇ ਫਿਰ ਉਸ ਬਾਰੇ ਵੀ ਭਵਿੱਖ ਵਿਚ ਸੋਵੀਨਾਰ ਪ੍ਰਕਾਸ਼ਤ ਕੀਤੇ ਜਾਣ।

.................................................

# ਪੁਸਤਕ ਰੀਵਿਊ
## ਸਾਹਿਬਜ਼ਾਦਿਆਂ ਦੇ ਸ਼ਹੀਦੀ ਪ੍ਰਸੰਗ 1711 ਤੋਂ 2007

**ਸੰਪਾਦਕ – ਸਰਦਾਰ ਚੇਤਨ ਸਿੰਘ**
**ਪ੍ਰਕਾਸ਼ਕ – ਯੂਰਪੀਅਨ ਪੰਜਾਬੀ ਸੱਥ ਵਾਲਸਾਲ ਯੂ.ਕੇ.**
**ਭੇਟਾ – 1995 ਰੁਪਏ**

ਸ. ਚੇਤਨ ਸਿੰਘ ਖ਼ਾਲਸਾ ਜੀ (ਸਾਬਕਾ ਡਾਇਰੈਕਟਰ ਭਾਸ਼ਾ ਵਿਭਾਗ, ਪਟਿਆਲਾ) ਬਹੁ ਚਰਚਿਤ, ਗੁਰਮਤਿ ਸਾਹਿਤ, ਇਤਿਹਾਸ, ਗੁਰਬਾਣੀ ਦੀਆਂ ਡੂੰਘਾਈਆਂ ਨੂੰ ਜਾਣਨ ਵਾਲੇ ਉੱਘੇ ਲੇਖਕ ਅਤੇ ਸੰਪਾਦਕ ਹਨ। ਕੁਝ ਸਾਲਾਂ ਵਿੱਚ ਹੀ ਉਨ੍ਹਾਂ ਦੀਆਂ ਖੋਜ ਭਰਪੂਰ ਵੱਡ ਆਕਾਰੀ ਪੁਸਤਕਾਂ ਪਾਠਕਾਂ ਦੇ ਹੱਥਾਂ ਵਿੱਚ ਆ ਚੁੱਕੀਆਂ ਹਨ। ਕੁਝ ਸਮਾਂ ਪਹਿਲਾਂ ਉਨ੍ਹਾਂ ਦੀ ਵੱਡ ਅਕਾਰੀ ਪੁਸਤਕ ਧੰਨਾ ਸਿੰਘ ਪਟਿਆਲਵੀ ਰਚਿਤ ਪੁਸਤਕ ਗੁਰ ਤੀਰਥਾਂ ਦੀ ਸਾਈਕਲ ਯਾਤਰਾ ਸੂਝਵਾਨ ਪਾਠਕਾਂ ਦੇ ਹੱਥ ਵਿੱਚ ਆਈ ਸੀ। ਜਿਸ ਨੂੰ ਪਾਠਕਾਂ ਨੇ ਬਹੁਤ ਪਸੰਦ ਕੀਤਾ ਸੀ। ਹੁਣ 2018 ਈ. ਵਿੱਚ 'ਸਾਹਿਬਜ਼ਾਦਿਆਂ ਦੇ ਸ਼ਹੀਦੀ ਪ੍ਰਸੰਗ' (1711- ਤੋਂ 2007) ਪਾਠਕਾਂ ਦੇ ਹੱਥਾਂ ਵਿਚ ਆਈ ਹੈ।

ਬਾਦਸ਼ਾਹ ਦਰਵੇਸ਼ ਦਸਮ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਦੀ ਧਰਮ ਖ਼ਾਤਰ ਦਿਤੀਆਂ ਅਦੁੱਤੀ ਸ਼ਹਾਦਤਾਂ ਨੂੰ ਜੋ ਸਾਡੇ ਪੁਰਾਤਨ ਸਮੇਂ ਤੋਂ ਲੈ ਕੇ ਵਰਤਮਾਨ ਸਮੇਂ ਤਕ ਕਵੀਆਂ ਨੇ ਕਵਿਤਾ ਰਾਹੀਂ ਵਰਨਣ ਕੀਤਾ ਹੈ, ਉਨ੍ਹਾਂ ਸਭ ਕ੍ਰਿਤਾਂ ਨੂੰ ਸ. ਚੇਤਨ ਸਿੰਘ ਖਾਲਸਾ ਜੀ ਨੇ ਇਸ ਵੱਡ ਅਕਾਰੀ ਪੁਸਤਕ ਵਿਚ ਸਮੋਅ ਲਿਆ ਹੈ।

ਗੁਰੂ ਜੀ ਵੱਲੋਂ 1705 ਈ. ਵਿੱਚ ਧਰਮ ਖਾਤਰ ਸਮੇਂ ਦੀ ਸਰਕਾਰ ਨਾਲ ਧਰਮ ਯੁੱਧ ਕੀਤਾ ਸੀ ਅਤੇ ਆਨੰਦਪੁਰ ਸਾਹਿਬ ਦਾ ਤਿਆਗ ਕੀਤਾ ਸੀ ਅਤੇ ਫਿਰ ਸਰਸਾ ਨਦੀ ਦੇ ਕਿਨਾਰੇ ਯੁੱਧ ਅਤੇ ਫਿਰ ਚਮਕੌਰ ਸਾਹਿਬ ਦੀ ਧਰਤੀ ਤੇ ਭਿਆਨਕ ਤੇ ਅਸਾਵਾਂ ਯੁੱਧ ਕੀਤਾ ਸੀ। ਜਿਸ ਵਿੱਚ ਦੋ ਵੱਡੇ ਸਾਹਿਬਜ਼ਾਦਿਆਂ ਅਤੇ 40 ਭੁੱਖੇ ਸਿੰਘ ਹਜ਼ਾਰਾਂ ਮੁਗਲਾਂ ਨਾਲ ਲੋਹਾ ਲੈਂਦੇ ਹੋਏ ਸ਼ਹੀਦ ਹੋ ਗਏ ਸਨ। ਇਤਿਹਾਸ ਵਿੱਚ ਚਮਕੌਰ ਸਾਹਿਬ ਦਾ ਯੁੱਧ ਸਮੇਂ ਇੱਕ-ਇੱਕ ਸਿੰਘ ਹਜ਼ਾਰਾਂ ਮੁਗਲਾਂ ਨਾਲ ਲੜਦਾ ਹੋਇਆ ਸ਼ਹੀਦ ਹੋ ਗਿਆ ਸੀ।

ਦੋਵੇਂ ਛੋਟੇ ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਹਿ ਸਿੰਘ ਤੇ ਮਾਤਾ ਗੁਜਰੀ ਜੀ, ਵਰਤਮਾਨ ਲਿਖਾਰੀਆਂ ਅਨੁਸਾਰ ਦਸਮ ਗੁਰੂ ਜੀ ਤੋਂ ਸਰਸਾ ਨਦੀ ਦੇ ਕੰਢੇ ਵਿਛੜ ਗਏ ਸਨ ਅਤੇ ਗੰਗੂ ਬ੍ਰਾਹਮਣ ਰਾਹੀਂ ਸਰਹੰਦ ਦੇ ਨਵਾਬ ਵਜ਼ੀਰ ਖਾਨ ਕੋਲ ਪਹੁੰਚਾਏ ਗਏ ਸਨ, ਜਿਥੇ ਉਨ੍ਹਾਂ ਨੂੰ ਵਜ਼ੀਰ ਖ਼ਾਨ ਨੇ ਸ਼ਹੀਦ ਕਰ ਦਿੱਤਾ ਸੀ। ਪੁਰਾਤਨ ਪ੍ਰੰਪਰਾ ਅਨੁਸਾਰ ਮਾਤਾ ਗੁਜਰੀ ਜੀ ਅਤੇ ਦੋਵੇਂ ਛੋਟੇ ਸਾਹਿਬਜ਼ਾਦੇ ਸਰਸਾ ਨਦੀ ਦੇ ਕਿਨਾਰੇ ਗੁਰੂ ਜੀ ਤੋਂ ਨਹੀਂ ਵਿਛੜੇ ਸਨ, ਸਗੋਂ ਚਮਕੌਰ ਸਾਹਿਬ ਤਕ ਗੁਰੂ ਜੀ ਨਾਲ ਗਏ ਸਨ। ਇਸ ਦੀ ਪੁਸ਼ਟੀ ਭਾਈ ਸਰੂਪ ਸਿੰਘ ਕੌਸ਼ਿਕ ਦੀ ਰਚਨਾ 'ਗੁਰੂ ਕੀਆਂ ਸਾਖੀਆਂ' ਰਚਨਾਕਾਰ 1790 ਈ. ਕਥਾ ਗੁਰੂ ਜੀ ਕੇ ਸੁਤਨ ਕੀ ਕ੍ਰਿਤ ਦੂਨਾ ਸਿੰਘ ਹੰਡੂਰੀਆ ਰਚਨਾ ਕਾਲ 1762 ਈ. ਤੋਂ ਭਲੀ ਭਾਂਤ ਹੋ ਜਾਂਦੀ ਹੈ। ਫਿਰ ਗੰਗੂ ਬ੍ਰਾਹਮਣ ਵੀ ਸਾਡੇ ਪੁਰਾਤਨ ਇਤਿਹਾਸ ਗ੍ਰੰਥ ਗੁਰ ਬਿਲਾਸ ਪਾਤਸ਼ਾਹੀ ਦਸਵੀਂ ਕ੍ਰਿਤ ਕੋਇਰ ਸਿੰਘ ਕਲਾਲ ਅਤੇ ਭਾਈ ਸੁੱਖਾ ਸਿੰਘ, ਗੁਰ ਪ੍ਰਤਾਪ ਸੂਰਜ ਗ੍ਰੰਥ ਕ੍ਰਿਤ ਭਾਈ ਸੰਤੋਖ ਸਿੰਘ, ਸ੍ਰੀ ਗੁਰੂ ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ ਅਤੇ ਪੰਥ ਪ੍ਰਕਾਸ਼ ਕ੍ਰਿਤ ਭਾਈ ਰਤਨ ਸਿੰਘ ਭੰਗੂ ਆਦਿ ਵਿੱਚੋਂ ਗੈਰ ਹਾਜ਼ਰ ਹੈ। ਇਸ ਤੋਂ ਬਿਨਾਂ ਪੁਰਾਤਨ ਸਰੋਤ ਭੱਟ ਵਹੀਆਂ ਅਤੇ ਪੰਡਾ ਵਹੀਆਂ ਵੀ ਗੰਗੂ ਬ੍ਰਾਹਮਣ ਬਾਰੇ ਚੁੱਪ ਹਨ।

ਰੀਵੀਊ ਅਧੀਨ ਗ੍ਰੰਥ ਨੂੰ ਸੁਯੋਗ ਸੰਪਾਦਕ ਨੇ ਤਿੰਨ ਭਾਗਾਂ ਵਿੱਚ ਵੰਡਿਆ ਹੈ ਅਤੇ 90 ਕਵੀਆਂ ਦੀਆਂ ਲਿਖਤਾਂ ਨੂੰ ਸਮਾਂ ਕ੍ਰਮ ਅਨੁਸਾਰ ਵੰਡ ਕਰਕੇ ਪ੍ਰਕਾਸ਼ਤ ਕੀਤਾ ਹੈ। ਪਹਿਲੀ ਲਿਖਤ ਕਵੀ ਸੈਨਾਪਤਿ ਜੋ ਗੁਰੂ ਜੀ ਦਾ ਸਮਕਾਲੀ ਕਵੀ ਸੀ, ਦੀ ਲਿਖਤ ਸ੍ਰੀ ਗੁਰ ਸੋਭਾ ਨੂੰ ਪ੍ਰਕਾਸ਼ਤ ਕੀਤਾ ਹੈ, ਫਿਰ ਉਹਨਾਂ ਕਈ ਐਸੇ ਨਾਮਵਰ ਕਵੀ ਅਤੇ ਗੁੰਮਨਾਮ ਹੋ ਚੁੱਕੇ ਕਵੀਆਂ ਦੀਆਂ ਲਿਖਤਾਂ ਨੂੰ ਢੂੰਡ ਭਾਲ ਕਰ ਕੇ ਸਾਹਿਤ ਜਗਤ ਦੇ ਸਾਹਮਣੇ ਲਿਆਂਦਾ ਹੈ। ਐਸੀ ਅਦੁੱਤੀ ਘਾਲਣਾ ਸਦਕਾ ਮੈਂ ਉਨ੍ਹਾਂ ਦੀ ਕਲਮ ਨੂੰ ਸਲਾਮ ਕਰਦਾ ਹਾਂ।

ਕੁਝ ਕਵੀਆਂ ਦੀਆਂ ਲਿਖਤਾਂ ਛਪਣ ਤੋਂ ਰਹਿ ਗਈਆਂ ਹਨ, ਜਿਵੇਂ ਕਿ ਗੁਰ ਬਿਲਾਸ ਪਾਤਸ਼ਾਹੀ 10, ਕੋਇਰ ਸਿੰਘ ਕਲਾਲ, ਗੁਰ ਬਿਲਾਸ ਪਾਤਸ਼ਾਹੀ 10 ਕ੍ਰਿਤ ਕਵੀ ਸੁਖਾ ਸਿੰਘ, ਗੁਰ ਬਿਲਾਸ ਪਾਤਸ਼ਾਹੀ 10 ਕ੍ਰਿਤ ਮਹੰਤ ਸੁਮੇਰ ਸਿੰਘ ਪਟਨਾ ਸਾਹਿਬ ਵਾਲੇ, ਸ੍ਰੀ ਗੁਰ ਪੰਥ ਪ੍ਰਕਾਸ਼ ਕ੍ਰਿਤ ਗਿਆਨੀ ਗਿਆਨ ਸਿੰਘ ਆਦਿਕ। ਮੈਂ ਆਸ ਕਰਦਾ ਹਾਂ ਕਿ ਅਗਲੇ ਐਡੀਸ਼ਨ ਵਿੱਚ ਉਨ੍ਹਾਂ ਦੁਰਲੱਭ ਲਿਖਤਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ ਅਤੇ ਹੋਰ ਵੀ ਕਵੀਆਂ ਦੀਆਂ ਲਿਖਤਾਂ ਦੀ ਢੂੰਡ ਭਾਲ ਕੀਤੀ ਜਾਵੇਗੀ। ਮੈਂ ਉਨ੍ਹਾਂ ਸਭ ਮਹਾਨਭਾਵਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਨੇ ਯੋਗ ਮਦਦ ਕਰਕੇ ਇਸ ਗ੍ਰੰਥ ਨੂੰ ਪਾਠਕਾਂ ਦੇ ਸਾਹਮਣੇ ਲਿਆਂਦਾ ਹੈ। ਉਨ੍ਹਾਂ ਦੀ ਅਗਲੀ ਵੱਡ ਅਕਾਰੀ ਰਚਨਾ ਮਹੰਤ ਗਣੇਸ਼ਾ ਸਿੰਘ ਰਚਨਾਵਲੀ ਵੀ ਤੀਬਰਤਾ ਨਾਲ ਉਡੀਕ ਕਰ ਰਿਹਾ ਹਾਂ। ਮੇਰੀ ਪ੍ਰਮੇਸ਼ਰ ਅੱਗੇ ਅਰਦਾਸ ਹੈ ਪ੍ਰਮੇਸ਼ਰ ਸ. ਚੇਤਨ ਸਿੰਘ ਨੇ ਲੰਬੀ ਆਯੂ, ਦੇਹ ਅਰੋਗਤਾ ਬਖ਼ਸ਼ਣ ਤਾਂ ਕਿ ਅਸੀਂ ਭਵਿੱਖ ਵਿੱਚ ਉਨ੍ਹਾਂ ਦੁਆਰਾ ਹੋਰ ਰਚਿਤ ਰਚਨਾਵਾਂ ਨੂੰ ਪੜ੍ਹੀਏ ਅਤੇ ਆਪਣੇ ਗਿਆਨ ਵਿੱਚ ਵਾਧਾ ਕਰੀਏ।

**ਦਵਿੰਦਰ ਸਿੰਘ ਗਿੱਲ ਜੀਆ ਨੱਥਾ**

# ਖ਼ਬਰਨਾਮਾ

## ਜਲੰਧਰ ਵਿਖੇ ਗ਼ਦਰ ਪਾਰਟੀ ਦਾ ਸਥਾਪਨਾ ਦਿਵਸ ਮਨਾਇਆ ਗਿਆ

ਦੇਸ਼ ਭਗਤ ਯਾਦਗਾਰ ਕਮੇਟੀ ਵੱਲੋਂ 21 ਅਪ੍ਰੈਲ 2021 ਨੂੰ ਗ਼ਦਰ ਪਾਰਟੀ ਦਾ 108 ਵਾਂ ਸਥਾਪਨਾ ਦਿਵਸ ਮਨਾਇਆ ਗਿਆ। ਇਸ ਦੌਰਾਨ ਬੁਲਾਰਿਆਂ ਨੇ ਆਜ਼ਾਦ, ਧਰਮ ਨਿਰਪੱਖ, ਜਮਹੂਰੀ ਅਤੇ ਸਾਂਝੀਵਾਲਤਾ ਭਰਿਆ ਸਮਾਜ ਸਿਰਜਣ ਦੀ ਲੋੜ 'ਤੇ ਜ਼ੋਰ ਦਿੱਤਾ। ਕਮੇਟੀ ਮੈਂਬਰ ਮਨਜੀਤ ਸਿੰਘ ਬਾਸਰਕੇ ਨੇ 21 ਅਪਰੈਲ 1913 ਨੂੰ ਅਮਰੀਕਾ 'ਚ ਬਣੀ ਗ਼ਦਰ ਪਾਰਟੀ ਦਾ ਝੰਡਾ ਲਹਿਰਾਇਆ।



ਦੇਸ਼ ਭਗਤ ਯਾਦਗਾਰ ਹਾਲ ਵਿੱਚ ਕਰਵਾਏ ਗਏ ਸਮਾਗਮ ਦੌਰਾਨ ਬਾਸਰਕੇ ਨੇ ਕਿਹਾ ਕਿ ਗਦਰ ਪਾਰਟੀ ਦਾ ਮਕਸਦ ਵਿਦੇਸ਼ੀ ਅਤੇ ਦੇਸੀ ਦੋਹਾਂ ਤਰ੍ਹਾਂ ਦੀ ਗੁਲਾਮੀ, ਪਾੜੇ, ਵਿਤਕਰੇ ਅਤੇ ਜ਼ਬਰ-ਜ਼ੁਲਮ ਦੀ ਜੜ੍ਹ ਵੱਢਣਾ ਸੀ। ਇਹ ਟੀਚੇ ਨਾ ਪੂਰੇ ਹੋਣ ਕਾਰਨ ਹੀ ਕਿਰਤ ਅਤੇ ਖੇਤੀ ਸਬੰਧੀ ਕਾਨੂੰਨ ਜਬਰੀ ਮੜੇ ਜਾ ਰਹੇ ਹਨ। ਕਮੇਟੀ ਮੈਂਬਰ ਚਰੰਜੀ ਲਾਲ ਕੰਗਣੀਵਾਲ ਨੇ ਗ਼ਦਰ ਪਾਰਟੀ ਦੇ ਇਤਿਹਾਸਕ ਸਫ਼ਰ ਦੇ ਮਹੱਤਵਪੂਰਨ ਪੜਾਵਾਂ ਬਾਰੇ ਰੌਸ਼ਨੀ ਪਾਉਂਦਿਆਂ ਦੱਸਿਆ ਕਿ ਨਸਲੀ ਵਿਤਕਰੇ ਅਤੇ ਜ਼ਿਹਨੀ ਗੁਲਾਮੀ ਦੀਆਂ ਜ਼ੰਜੀਰਾਂ ਖ਼ਿਲਾਫ਼ ਲੜ ਕੇ ਹੀ ਸੰਗਰਾਮੀਆਂ ਨੇ ਆਪਣੇ ਸਵੈਮਾਣ ਲਈ ਰਾਹ ਖੋਲਿਆ।

ਮੀਤ ਪ੍ਰਧਾਨ ਸੀਤਲ ਸਿੰਘ ਸੰਘਾ ਨੇ ਕਿਹਾ ਕਿ ਗ਼ਦਰ ਪਾਰਟੀ ਵਿੱਚ ਧਰਮ ਹਰ ਵਿਅਕਤੀ ਦਾ ਨਿੱਜੀ ਮਾਮਲਾ ਸੀ। ਉਹ ਆਜ਼ਾਦੀ ਸੰਗਰਾਮੀਏ ਸਨ, ਜੋ ਧਰਮ ਦੇ ਆਧਾਰ ਤੇ ਕਿਸੇ ਕਿਸਮ ਦੇ ਵੀ ਰਾਜ ਦਾ ਡਟ ਕੇ ਵਿਰੋਧ ਕਰਦੇ ਸਨ। ਮਾਨਵ ਹੀ ਉਨ੍ਹਾਂ ਦਾ ਧਰਮ ਸੀ। ਮੰਗਤ ਰਾਮ ਪਾਸਲਾ ਨੇ ਕਿਹਾ ਕਿ ਗਦਰ ਪਾਰਟੀ ਦਾ ਸਥਾਪਨਾ ਦਿਹਾੜਾ ਉਸ ਮੌਕੇ ਮਨਾਇਆ ਜਾ ਰਿਹਾ ਹੈ ਜਦੋਂ ਮੁਲਕ ਦੇ ਹਾਕਮਾਂ ਦੀ ਸਾਮਰਾਜੀਆਂ ਨਾਲ ਦੋਸਤੀ ਦਾ ਸ਼ਰੇਆਮ ਖੁਲਾਸਾ ਹੋ ਰਿਹਾ ਹੈ। ਪ੍ਰਿਥੀਪਾਲ ਮਾੜੀਮੇਘਾ ਨੇ ਕਿਹਾ ਕਿ ਗਦਰ ਪਾਰਟੀ ਦੀ ਸੋਚ, ਕਿਸਾਨ ਸੰਘਰਸ਼ ਵਿੱਚ ਧੜਕਦੀ ਹੈ।

ਸੁਵਰਨ ਸਿੰਘ ਵਿਰਕ ਨੇ ਕਿਹਾ ਕਿ ਨਾਮਧਾਰੀ ਸਾਧੂ ਕੇਸਰ ਸਿੰਘ ਮੁਹਾਵਾ ਨਾਲ ਚੜਦੀ ਉਮਰੇ ਸੋਹਣ ਸਿੰਘ ਭਕਨਾ ਦੀ ਮੁਲਾਕਾਤ ਇਹ ਦਰਸਾਉਂਦੀ ਹੈ ਕਿ ਵਿਚਾਰਧਾਰਕ ਅਤੇ ਸ਼ਖ਼ਸੀਅਤ ਦੇ ਜੀਵਨ ਸਫ਼ਰ 'ਚ ਤਬਦੀਲੀ ਵਿਚਾਰਾਂ ਅਤੇ ਅਮਲਾਂ ਦੇ ਸੁਮੇਲ ਨਾਲ ਹੁੰਦੀ ਹੈ। ਸੀਨੀਅਰ ਟਰੱਸਟੀ ਸੁਰਿੰਦਰ ਕੁਮਾਰੀ ਕੋਛੜ ਨੇ ਕਿਹਾ ਕਿ ਕਿਸਾਨ-ਮਜ਼ਦੂਰ ਅੰਦੋਲਨ ਵਿੱਚ ਔਰਤਾਂ ਨੇ ਭਰਵਾਂ- ਯੋਗਦਾਨ ਪਾ ਕੇ ਗ਼ਦਰ ਪਾਰਟੀ ਦੀ ਵਿਰਾਸਤ ਬੁਲੰਦ ਕੀਤੀ ਹੈ। ਸੁਰਿੰਦਰ ਕੁਮਾਰੀ ਕੋਛੜ ਨੇ ਏਕਤਾ ਕਾਇਮ ਰੱਖਣ ਦੀ ਅਪੀਲ ਕੀਤੀ। ਲੋਕ ਸੰਗੀਤ ਮੰਡਲੀ ਮਸਾਣੀ ਦੇ ਨਿਰਦੇਸ਼ਕ ਧਰਮਿੰਦਰ ਮਸਾਣੀ ਨੇ ਸੰਤ ਰਾਮ ਉਦਾਸੀ ਦਾ ਗੀਤ ਗਾ ਕੇ ਇਨਕਲਾਬੀ ਕਵੀ ਨੂੰ ਯਾਦ ਕੀਤਾ।

ਖੇਤੀ ਕਾਨੂੰਨਾਂ, ਜੱਲ੍ਹਿਆਂਵਾਲਾ ਬਾਗ ਤੇ ਫ਼ਿਰੋਜ਼ਪੁਰ ਯਾਦਗਾਰ ਸਬੰਧੀ ਮਤੇ ਪਾਸ ਦੇਸ਼ ਭਗਤ ਯਾਦਗਾਰ ਕਮੇਟੀ ਦੇ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਜਲਿਆਂਵਾਲਾ ਬਾਗ਼ ਨੂੰ ਲੋਕਾਂ ਲਈ ਖੋਲ੍ਹਣ, ਕਿਰਤ ਅਤੇ ਖੇਤੀ ਕਾਨੂੰਨ ਰੱਦ ਕਰਨ ਅਤੇ ਫ਼ਿਰੋਜ਼ਪੁਰ ਵਿੱਚ ਸ਼ਹੀਦ ਭਗਤ ਸਿੰਘ ਦੇ ਇਤਿਹਾਸਕ ਸਥਾਨ ਨੂੰ ਕੌਮੀ ਵਿਰਾਸਤ ਦੇ ਮਿਊਜ਼ੀਅਮ ਦੇ ਤੌਰ 'ਤੇ ਸੰਭਾਲਣ ਸਬੰਧੀ ਤਿੰਨ ਮਤੇ ਪਾਸ ਕੀਤੇ। ਕਮੇਟੀ ਪ੍ਰਧਾਨ ਅਜਮੇਰ ਸਿੰਘ ਨੇ ਕਿਹਾ ਕਿ ਗ਼ਦਰ ਪਾਰਟੀ ਦੇ ਉਦੇਸ਼ਾਂ, ਇਤਿਹਾਸ ਅਤੇ ਕੁਰਬਾਨੀਆਂ ਤੋਂ ਸਾਨੂੰ ਸਬਕ ਲੈਣਾ ਚਾਹੀਦਾ ਹੈ। ਮੰਚ ਸੰਚਾਲਨ ਸਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ ਨੇ ਕੀਤਾ।

ਸਮਾਪਤੀ ਦੌਰਾਨ ਨਾਮਧਾਰੀ ਦਰਬਾਰ ਦੁਆਰਾ ਪ੍ਰਕਾਸ਼ਿਤ ਹੁੰਦੇ 'ਸਤਿਜੁਗ' ਪਰਚੇ ਦਾ 'ਸ਼ਤਾਬਦੀ ਅੰਕ' ਸਮੁੱਚੀ ਦੇਸ਼ ਭਗਤ ਯਾਦਗਾਰ ਕਮੇਟੀ ਦੇ ਮੈਂਬਰਾਂ, ਉੱਥੋਂ ਦੀ ਲਾਇਬ੍ਰੇਰੀ ਅਤੇ ਪਹੁੰਚੇ ਵਿਦਵਾਨਾਂ ਨੂੰ ਭੇਂਟ ਕੀਤਾ ਗਿਆ। ਅੰਕ ਭੇਂਟ ਕਰਨ ਸਮੇਂ ਸਵਰਨ ਸਿੰਘ ਸਨੇਹੀ, ਸੁਵਰਨ ਸਿੰਘ ਵਿਰਕ, ਹਰਪਾਲ ਸਿੰਘ ਸੇਵਕ ਮੌਜੂਦ ਸਨ।

# ਸੰਤ ਗੁਰਦੀਪ ਸਿੰਘ ਜੀ ਨਹੀਂ ਰਹੇ



ਗੱਲ ਉਸ ਸਮੇਂ ਦੀ ਹੈ ਜਦੋਂ ਰਾਮਸਰ ਸਰੋਵਰ ਕੰਢੇ 'ਤੇ ਸੰਤਾਂ ਦਾ ਡੇਰਾ ਹੁੰਦਾ ਸੀ। ਜਿੱਥੇ ਸਾਧੂ-ਸੰਤ ਬੈਠ ਕੇ ਨਿਤਨੇਮ ਕਰਦੇ ਸਿੱਖਾਂ ਵੱਲੋਂ ਕਰਵਾਈਆਂ ਅਰਦਾਸਾਂ ਦੀਆਂ ਰਸਤਾਂ ਨਿਰੰਤਰ ਆਉਂਦੀਆਂ ਰਹਿੰਦੀਆਂ। ਅੰਮ੍ਰਿਤ ਵੇਲੇ ਤੋਂ ਹੀ ਬਦਾਮਾਂ ਵਾਲੀ ਸ਼ਰਦਾਈ ਅਤੇ ਕੜਾਹ ਪ੍ਰਸ਼ਾਦ ਦੇ ਖੁੱਲ੍ਹੇ ਗੱਫੇ ਵਰਤਨੇ ਸ਼ੁਰੂ ਹੋ ਜਾਂਦੇ। ਸੰਤ ਹਰਨਾਮ ਸਿੰਘ, ਭਾਈ ਜੀ, ਸੰਤ ਭਗਤ ਸਿੰਘ, ਸੰਤ ਵੀਰ ਸਿੰਘ ਜੀ ਤੇ ਹੋਰ ਸਾਧੂ ਨਾਮ ਦੇ ਰੰਗ ਵਿਚ ਰੰਗੇ ਹੋਏ ਲੰਗਰ ਵਿਚ ਸੇਵਾ ਕਰਨ ਤੋਂ ਬਾਅਦ ਆਪਣੇ ਡੇਰੇ ਆ ਨਾਮ ਬਾਣੀ ਵਿੱਚ ਰੁੱਝ ਜਾਂਦੇ। ਮੇਰੀ ਮੁਲਾਕਾਤ ਅਕਸਰ ਡੇਰੇ ਦੇ ਸਾਧੂ-ਸੰਤਾਂ ਨਾਲ ਹੁੰਦੀ ਰਹਿੰਦੀ ਸੀ। ਤਕਰੀਬਨ 1981 ਤੋਂ ਮੈਂ ਦੇਖਦਾ ਆਇਆ ਹਾਂ ਕਿ ਇੱਕ ਸਿੰਘ ਜਿਸ ਦਾ ਕੱਦ ਛੇ ਫੁੱਟ ਲੰਮਾ ਤੇ ਚਿਹਰਾ ਸੇਵਾ-ਸਿਮਰਨ ਨਾਲ ਦੱਗ-ਦੱਗ ਕਰਦਾ ਤੇ ਹੱਥ ਵਿਚ ਉਨ ਦੀ ਮਾਲਾ ਰਸਨਾ ਦੇ ਨਾਮ ਦਾ ਜਾਪ ਅੱਠੇ ਪਹਿਰ ਚੱਲਦਾ ਰਹਿੰਦਾ। ਰੋਜ਼ ਲੰਗਰ ਵਿੱਚ ਪ੍ਰਸ਼ਾਦਿਆਂ ਦੀ ਸੇਵਾ ਕਰਨ ਤੋਂ ਬਾਅਦ ਤਕਰੀਬਨ 9 ਵਜੇ ਹੱਥ ਵਿਚ ਝਾੜੂ ਟੋਕਰੀ ਫੜ ਗੋਲ ਮੰਦਰ, ਸੰਤਾਂ ਦਾ ਡੇਰਾ ਜਿਥੇ ਕਿਤੇ ਵੀ ਬੁਹਾਰੀ ਦੀ ਲੋੜ ਮਹਿਸੂਸ ਕਰਦਾ ਉਥੇ ਟੋਕਰੀ ਅਤੇ ਝਾੜੂ ਲੈ ਪਹੁੰਚਦਾ। ਸਾਰੀ ਉਮਰ ਵੱਡੀ ਸੋਧ ਰੱਖੀ।

ਮੈਂ ਗੱਲ ਕਰ ਰਿਹਾ ਹਾਂ ਸੰਤ ਗੁਰਦੀਪ ਸਿੰਘ ਜੀ ਦੀ ਜਿਨ੍ਹਾਂ ਦਾ ਜਨਮ ਪਿੰਡ ਕੱਥੂਵਾਲੀ ਤਹਿਸੀਲ ਸ਼ੱਕਰਗੜ੍ਹ (ਪਾਕਿਸਤਾਨ) ਵਿੱਚ ਮਾਤਾ ਇਕਬਾਲ ਕੌਰ, ਪਿਤਾ ਸਾਧੂ ਸਿੰਘ ਦੇ ਗ੍ਰਹਿ ਵਿਖੇ ਹੋਇਆ। ਨਾਮ ਦੀ ਚੇਟਕ ਸੰਤ ਗੁਰਦੀਪ ਸਿੰਘ ਜੀ ਨੂੰ ਛੋਟੀ ਉਮਰ ਵਿੱਚ ਹੀ ਲੱਗ ਗਈ ਸੀ। 13 ਸਾਲ ਦੀ ਉਮਰ ਵਿੱਚ ਨਾਮ ਦੀ ਦਾਤ ਸੰਤ ਗੰਢਾ ਸਿੰਘ ਜੀ ਤੋਂ ਲਈ। ਨਾਮ ਲੈਣ ਤੋਂ ਬਾਅਦ ਆਪ ਜੀ ਨੂੰ ਭਗਵਾਨ ਰਾਮਚੰਦਰ ਤੇ ਮਾਤਾ ਸੀਤਾ ਜੀ ਦੇ ਦਰਸ਼ਨ ਹੋਏ। ਉਸ ਤੋਂ ਬਾਅਦ ਮਨ ਦੀ ਬਿਰਤੀ ਹੀ ਬਦਲ ਗਈ। ਨਾਮ ਵਿੱਚ ਮਗਨ ਰਹਿਣ ਕਰਕੇ ਆਪ ਜੀ ਨੇ ਕੋਈ ਦੁਨਿਆਵੀ ਵਿੱਦਿਆ ਪ੍ਰਾਪਤ ਨਾ ਕੀਤੀ। ਘਰ ਵਿੱਚ ਹੀ ਖੇਤੀਬਾੜੀ ਦਾ ਕੰਮ ਕਰਦੇ ਰਹਿੰਦੇ ਸਨ। ਆਪ ਜੀ ਦਾ ਵਿਆਹ ਬੀਬੀ ਸੁਰਜੀਤ ਕੌਰ ਪਿੰਡ ਅਗਵਾਨ (ਕਲਾਨੌਰ) ਵਿਖੇ ਹੋਇਆ। ਆਪ ਜੀ ਦੇ 4 ਪੁੱਤਰ ਤੇ 2 ਪੁੱਤਰੀਆਂ ਹਨ। ਘਰ ਦੇ ਕੰਮਕਾਰ ਕਰਦਿਆਂ ਵੀ ਧਿਆਨ ਸੇਵਾ ਤੇ ਸਿਮਰਨ ਵੱਲ ਹੀ ਰਹਿੰਦਾ। 1978 ਈ. ਵਿੱਚ ਸ੍ਰੀ ਭੈਣੀ ਸਾਹਿਬ ਆ ਗਏ। ਸੰਨ 1983 ਵਿੱਚ ਸਤਿਗੁਰੂ ਜਗਜੀਤ ਸਿੰਘ ਜੀ ਨੇ ਹੁਕਮ ਕੀਤਾ ਕਿ ਹਜ਼ਾਰੀਬਾਗ ਵਰਨੀ ਸ਼ੁਰੂ ਕਰਨੀ ਹੈ, ਉਸ ਸਮੇਂ 6 ਸਿੰਘ ਓਥੇ ਗਏ, ਜਿਨ੍ਹਾਂ ਵਿੱਚੋਂ ਸੰਤ ਗੁਰਦੀਪ ਸਿੰਘ ਜੀ ਵੀ ਸਨ। ਉੱਥੇ 6 ਸਾਲ ਰਹੇ। ਸਤਿਗੁਰੂ ਜਗਜੀਤ ਸਿੰਘ ਜੀ ਇੱਕ ਵਾਰੀ ਉੱਥੇ ਗਏ, ਹੁਕਮ ਕੀਤਾ "ਸੰਤ ਜੀ ਤੁਸੀਂ ਅਜੇ ਇੱਥੇ ਹੋਰ ਰਹੋ" ਸੰਤ ਜੀ 1994 ਤੱਕ ਫੇਰ ਉਥੇ ਹੀ ਵਰਨੀ ਵਿੱਚ ਰਹੇ।

ਸੰਤ 1994 ਵਿਚ ਵਾਪਸ ਸ੍ਰੀ ਭੈਣੀ ਸਾਹਿਬ ਆਏ। ਹਜ਼ਾਰੀਬਾਗ਼ ਸੰਤ ਗੁਰਦੀਪ ਸਿੰਘ ਜੀ ਨੇ ਦੌੜਾਂ ਵਿੱਚ ਹਿੱਸਾ ਲਿਆ ਤੇ ਦੂਸਰੀ ਪੁਜੀਸ਼ਨ ਹਾਸਲ ਕੀਤੀ। ਸ੍ਰੀ ਭੈਣੀ ਸਾਹਿਬ ਆ ਕੇ ਕੁਝ ਸਾਲ ਰਾਈਆਂ ਵਰਨੀ ਵਿਚ ਸੇਵਾ ਕਰਦੇ ਰਹੇ। 2010 ਈ. ਵਿਚ ਫਿਰ ਲੰਗਰ ਵਿੱਚ ਸੇਵਾ ਕਰਨ ਲੱਗੇ। ਉਨ੍ਹਾਂ ਦੀ ਰਿਹਾਇਸ਼ ਵੀ ਲੰਗਰ ਦੇ ਨਜ਼ਦੀਕ ਸੀ। ਸੰਤ ਜੀ ਹਮੇਸ਼ਾ ਸਤਿਗੁਰੂ ਰਾਮ ਸਿੰਘ ਜੀ ਦੇ ਬਚਨ ਕਰਦੇ ਰਹਿੰਦੇ ਸਨ। ਮਨ ਦੀ ਭਾਵਨਾ ਇੰਨੀ ਪੱਕ ਚੁੱਕੀ ਸੀ ਕਿ ਉਨ੍ਹਾਂ ਨੇ ਕਦੇ ਵੀ ਸੇਵਾ ਕਰਦਿਆਂ ਥਕਾਵਟ ਮਹਿਸੂਸ ਨਹੀਂ ਕੀਤੀ। ਇਕ ਵਾਰੀ ਰਾਈਆਂ ਵਰਨੀ ਵਿਚ ਲਗਾਤਾਰ 8 ਦਿਨ ਬਿਨਾਂ ਸੁੱਤੇ ਭਜਨ ਕਰਦੇ ਰਹੇ ਇਸ ਮਸਤੀ ਵਿੱਚ ਸਤਿਗੁਰੂ ਰਾਮ ਸਿੰਘ ਜੀ ਦੇ ਦਰਸ਼ਨ ਹੋਏ। ਸਤਿਗੁਰੂ ਜਗਜੀਤ ਸਿੰਘ ਜੀ ਦੇ ਵਿਛੋੜੇ ਤੋਂ ਬਾਅਦ ਸੰਤ ਜੀ ਭਾਣੇ ਦੇ

ਹੀ ਬਚਨ ਕਰਦੇ ਰਹਿੰਦੇ। ਸਦਾ ਹੀ ਕਹਿੰਦੇ ਸਤਿਗੁਰੂ ਰਾਮ ਸਿੰਘ ਜੀ ਨੇ ਦਰਸ਼ਨ ਦੇਣੇ ਹਨ।

2016 ਈ. ਵਿਚ ਪਿੰਡ ਸਿੰਘਪੁਰ ਚਲੇ ਗਏ ਜਿੱਥੇ ਜਾ ਕੇ ਉਨ੍ਹਾਂ ਦੀ ਸਿਹਤ ਕੁਝ ਖ਼ਰਾਬ ਹੋ ਗਈ ਪਰ ਸਤਿਗੁਰੂ ਜੀ ਦੀ ਕ੍ਰਿਪਾ ਨਾਲ ਫਿਰ ਸਿਹਤ ਠੀਕ ਹੋ ਗਈ। ਫਿਰ ਇੱਥੇ ਹੀ ਨਿਵਾਸ ਕੀਤਾ। ਸਤਿਗੁਰੂ ਉਦੇ ਸਿੰਘ ਜੀ ਨੇ ਘਰ ਜਾ ਕੇ ਸੰਤ ਜੀ ਨੂੰ ਦਰਸ਼ਨ ਦਿੱਤੇ। ਦਰਸ਼ਨ ਕਰ ਸੰਤ ਜੀ ਗੱਦ-ਗੱਦ ਹੋ ਗਏ। ਅਖੀਰੀ ਉਮਰ ਤੱਕ ਉਨ੍ਹਾਂ ਨੇ ਵੱਡੀ ਸੋਧ ਰੱਖੀ। ਉਨ੍ਹਾਂ ਦਾ ਸੁਭਾਅ ਮਿੱਠ ਬੋਲੜਾ ਸੀ। ਕਦੇ ਕਿਸੇ ਨੂੰ ਮੰਦਾ ਸ਼ਬਦ ਨਹੀਂ ਬੋਲਿਆ। 7 ਅਪ੍ਰੈਲ 2021 ਨੂੰ ਸੰਤਾਂ ਨੇ ਖਾਣਾ ਪੀਣਾ ਛੱਡ ਦਿੱਤਾ ਸੀ 12 ਅਪ੍ਰੈਲ 2021 ਨੂੰ ਸਵੇਰੇ 12:30 ਵਜੇ ਸੰਤ ਗੁਰਦੀਪ ਸਿੰਘ ਜੀ ਆਪਣਾ ਗੁਰਸਿੱਖੀ ਜੀਵਨ ਬਤੀਤ ਕਰ ਕੇ ਸੇਵਾ ਤੇ ਸਿਮਰਨ ਕਰਦਿਆਂ ਆਪਣਾ ਜਨਮ ਸਫ਼ਲਾ ਕਰ ਕੇ ਸਤਿਗੁਰੂ ਜੀ ਦੇ ਚਰਨਾਂ ਵਿਚ ਜਾ ਬਿਰਾਜੇ।

**ਗੁਰਦੇਵ ਸਿੰਘ ਚੀਮਾ**

.....................................................

## ਮਹਾਨ ਸ਼ਾਸ਼ਤਰੀ ਸੰਗੀਤ ਗਾਇਕ ਪਦਮ ਵਿਭੂਸ਼ਨ ਪੰ. ਰਾਜਨ ਮਿਸ਼ਰਾ ਨਹੀਂ ਰਹੇ

ਸ਼ਾਸ਼ਤਰੀ ਸੰਗੀਤ ਦੇ ਪ੍ਰਸਿੱਧ ਗਾਇਕ ਪੰਡਿਤ ਰਾਜਨ ਮਿਸ਼ਰਾ ਜਿਨ੍ਹਾਂ ਨੂੰ ਕਿ ਪਿਛਲੇ ਦਿਨੀਂ ਕੋਰੋਨਾ ਗ੍ਰਸਤ ਹੋਣ ਕਾਰਨ ਦਿੱਲੀ ਦੇ ਹਸਪਤਾਲ ਵਿੱਚ ਦਾਖ਼ਲ ਕਰਵਾਇਆ ਗਿਆ। ਜਿਥੇ ਇਕੋ ਦਿਨ ਵਿੱਚ ਹੀ 2 ਦਿਲ ਦੇ ਦੌਰੇ ਪੈਣ ਕਾਰਨ ਉਹਨਾਂ ਦੀ ਹਾਲਤ ਬਹੁਤ ਵਿਗੜ ਗਈ। **25 ਅਪ੍ਰੈਲ 2021** ਦਿਨ ਐਤਵਾਰ ਨੂੰ 70 ਸਾਲ ਦੀ ਉਮਰ ਭੋਗਦੇ ਹੋਏ ਪੰਡਿਤ ਰਾਜਨ ਮਿਸ਼ਰਾ ਇਸ ਸੰਸਾਰ ਨੂੰ ਅਲਵਿਦਾ ਕਹਿ ਗਏ। ਸਮੂਹ ਸੰਗੀਤ ਜਗਤ ਵਿੱਚ ਸੋਗ ਦੀ ਲਹਿਰ ਦੌੜ ਗਈ। ਨਾਮਧਾਰੀ ਦਰਬਾਰ ਇਸ ਦੁੱਖ ਦਾਈ ਸਮੇਂ ਵਿੱਚ ਪੰਡਿਤ ਰਾਜਨ ਮਿਸ਼ਰਾ ਜੀ ਦੇ ਪਰਿਵਾਰ ਨਾਲ ਹਮਦਰਦੀ ਵਿਅਕਤ ਕਰਦਾ ਹੈ।

**ਗੁਰਭਗਤ ਸਿੰਘ ਭਗਤੀ**

## ਨਗਰ ਕੀਰਤਨ ਦਾ ਸਵਾਗਤ

**(ਰੋਪੜ ਦੀ ਸਾਧ ਸੰਗਤ ਵੱਲੋਂ)**

**18 ਅਪ੍ਰੈਲ 2021**

ਗੁਰੂ ਤੇਗ ਬਹਾਦਰ ਜੀ ਦੇ ਚੌਥੀ ਪ੍ਰਕਾਸ਼ ਸ਼ਤਾਬਦੀ ਦੇ ਸੰਬੰਧ ਵਿੱਚ ਸਮਾਗਮ ਸਮੁੱਚੇ ਸਿੱਖ ਜਗਤ ਵਿੱਚ ਮਨਾਏ ਜਾ ਰਹੇ ਹਨ। ਵੱਖ-ਵੱਖ ਸੰਸਥਾਵਾਂ ਇਨ੍ਹਾਂ ਪ੍ਰੋਗਰਾਮਾਂ ਨੂੰ ਉਲੀਕ ਰਹੀਆਂ ਹਨ। ਜਿਥੇ ਧਾਰਮਿਕ ਸਥਾਨਾਂ ਉੱਤੇ ਕੀਰਤਨ ਦਰਬਾਰ, ਕਥਾ, ਕਵੀਸ਼ਰੀ, ਦੀਵਾਨਾਂ ਰਾਹੀਂ ਸਿੱਖ ਸੰਗਤ ਨੂੰ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਤੋਂ ਜਾਣੂੰ ਕਰਵਾਇਆ ਜਾ ਰਿਹਾ ਹੈ ਉਥੇ ਵੱਖ ਵਿਦਿਅਕ ਸਸਥਾਵਾਂ ਵਿੱਚ ਵੈਬੀਨਾਰ ਹੋ ਰਹੇ ਹਨ। ਜਿਨ੍ਹਾਂ ਵਿੱਚ ਪੰਥਕ ਵਿਦਵਾਨ



ਅਤੇ ਸਾਹਿਤਕਾਰ ਆਪਣੇ ਲੈਕਚਰਾਂ ਰਾਹੀਂ ਨੌਜੁਆਨ ਪੀੜੀ ਨੂੰ ਗੁਰੂ ਤੇਗ ਬਹਾਦਰ ਜੀ ਦੇ ਜੀਵਨ ਫਲਸਫ਼ੇ ਅਤੇ ਗੁਰਬਾਣੀ ਦੀ ਅਜੋਕੇ ਸਮੇਂ ਵਿੱਚ ਸਾਰਥਿਕਤਾ ਬਾਰੇ ਦੱਸ ਰਹੇ ਹਨ।

ਇਸੇ ਸੰਦਰਭ ਵਿੱਚ ਇਕ ਵਿਸ਼ਾਲ ਨਗਰ ਕੀਰਤਨ 18 ਅਪ੍ਰੈਲ 2021 ਦਿਨ ਐਤਵਾਰ ਨੂੰ ਸ਼ਾਮ 6 ਵਜੇ ਰੋਪੜ ਪਹੁੰਚਿਆ। ਇਸ ਨਗਰ ਕੀਰਤਨ ਵਿਚ ਬਹੁਤ ਸਾਰੀਆਂ ਸਿੱਖ ਸੰਗਤਾਂ ਸ਼ਾਮਲ ਸਨ। ਨਾਮਧਾਰੀ ਸੰਗਤ ਰੋਪੜ ਦੀ ਨੇ ਇਸ ਨਗਰ ਕੀਰਤਨ ਦਾ ਬਹੁਤ ਭਰਵਾਂ ਸਵਾਗਤ ਕੀਤਾ। ਸੂਬਾ ਭੁਪਿੰਦਰ ਸਿੰਘ ਦੀ ਯੋਗ ਅਗਵਾਈ ਹੇਠ ਨੌਜਵਾਨਾਂ ਨੇ ਇਸ ਨਗਰ ਕੀਰਤਨ ਵਿੱਚ ਸ਼ਾਮਲ ਸਿੱਖ ਸੰਗਤ ਨੂੰ ਜਲ ਪਾਣੀ ਛਕਾਇਆ ਅਤੇ ਕੁਲਫ਼ੀਆਂ ਦਾ ਪ੍ਰਸ਼ਾਦ ਵੰਡਿਆ।

**ਗੁਰਦੇਵ ਸਿੰਘ ਚੀਮਾ**


.....................................................

## ਪ੍ਰਸਿੱਧ ਸੰਗੀਤਕਾਰ ਪੰ. ਰਾਜਨ ਮਿਸ਼ਰਾ ਜੀ ਦੀਆਂ ਕੁਝ ਯਾਦਗਾਰੀ ਤਸਵੀਰਾਂ



ਦੇਹਰਾਦੂਨ ਉ. ਵਿਲਾਇਤ ਖਾਂ ਦੇ ਘਰ ਸ੍ਰੀ ਸਤਿਗੁਰੂ ਜੀ ਦੇ ਨਾਲ ਤਾਨਪੂਰੇ ਤੇ ਸੰਗਤ ਕਰਦੇ ਹੋਏ, ਉ. ਵਿਲਾਇਤ ਖਾਂ ਤੇ ਪੰ. ਰਾਜਨ ਮਿਸ਼ਰਾ









Date of Publication:6-7 May2021,
Date of Posting: 8 May 2021

RNI NO. 55658/93




– 1920 ਈ. ਤੋਂ ਸਥਾਪਤ ‘ਸਤਿਜੁਗ’ ਪਰਚਾ ਵੱਖ-ਵੱਖ ਸਥਾਨਾਂ (ਲਾਹੌਰ, ਸ੍ਰੀ ਭੈਣੀ ਸਾਹਿਬ, ਜੀਵਨ ਨਗਰ, ਦਿੱਲੀ) ਤੋਂ ਛਪਦਾ ਰਿਹਾ ਹੈ। ਜਿਸ ਕਰਕੇ ਜਿਲਦ ਨੰ. ਬਦਲਦੇ ਰਹੇ ਹਨ। ਹੁਣ ਜਦ ‘ਸਤਿਜੁਗ’ 100 ਸਾਲ ਦਾ ਸਫ਼ਰ ਤੈਅ ਕਰ ਚੁੱਕਾ ਹੈ ਤਾਂ ਅਸੀਂ ਚੱਲ ਰਹੀ ਜਿਲਦ ਨੰ. 29 ਬਦਲਕੇ 101 ਕਰ ਰਹੇ ਹਾਂ, ਜੋ ਕਿ ਤਰਤੀਬ ਅਨੁਸਾਰ ਠੀਕ ਹੈ ਤੇ ਅੱਗੇ ਤੋਂ ਇਹ ਲੜੀ ਬਰਕਰਾਰ ਰਹੇਗੀ।

Printed and Published by Mr. Harvendra Singh Hanspal on behalf of Namdhari Darbar.
Printed at Summit advertising press, 2DLF (Part), Moti Nagar, New Delhi
and Published from Namdhari Gurdwara, ramesh Nagar, New delhi-110015.